ਐਤਵਾਰ, 23 ਜੁਲਾਈ, 2023
8 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 52

ਨਵਾਂ ਜ਼ਮਾਨਾ

DAILY NAWAN ZAMANA • SUNDAY, 23 JULY, 2023
ਜਲੰਧਰ
nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14

ਅਜੋਕੇ ਮਸੰਦਾਂ ਨੂੰ ਆਪਣੇ ਗੁਨਾਹਾਂ ਦੀ ਸਜ਼ਾ ਭੁਗਤਣੀ ਪਵੇਗੀ : ਭਗਵੰਤ ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਵੱਲੋਂ ਬਾਦਲਾਂ ਦੇ ਚਹੇਤੇ ਚੈਨਲ ਦੀ ਚੌਧਰ ਚਮਕਾਉਣ ਲਈ ਪਾਵਨ ਗੁਰਬਾਣੀ ਦਾ ਲਾਈਵ ਪ੍ਰਸਾਰਣ ਕਰਨ ਤੋਂ ਪੈਰ ਪਿਛਾਂਹ ਖਿੱਚ ਲੈਣ ਦੀ ਸਖਤ ਨਿਖੇਧੀ ਕੀਤੀ ਹੈ। ਸ਼ਨੀਵਾਰ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਪਵਿੱਤਰ ਗੁਰਬਾਣੀ ਦਾ ਸੰਦੇਸ਼ ਮੁਫਤ ਪ੍ਰਸਾਰਨ ਜ਼ਰੀਏ ਘਰ-ਘਰ ਪਹੁੰਚਾਉਣ ਨੂੰ ਯਕੀਨੀ ਬਣਾਉਣ ਦੀ ਬਜਾਏ ਆਪਣੇ ਪਹਿਲੇ ਵਾਅਦੇ ਤੋਂ ਯੂ-ਟਰਨ ਮਾਰ ਲਈ ਤਾਂ ਕਿ ਗੁਰਬਾਣੀ ਪ੍ਰਸਾਰਨ ਦੇ ਅਧਿਕਾਰ ਇਕੋ ਚੈਨਲ ਦੇ ਹੱਥਾਂ 'ਚ ਬਣੇ ਰਹਿਣ। ਉਨ੍ਹਾ ਕਿਹਾ ਕਿ ਇਹ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਮਨੁੱਖਤਾ ਦੇ ਵਡੇਰੇ ਹਿੱਤਾਂ ਦੀ ਖਾਤਰ ਸੁਹਿਰਦ ਪਹੁੰਚ ਅਪਣਾਉਣ ਦੀ ਬਜਾਏ ਸ਼੍ਰੋਮਣੀ ਕਮੇਟੀ ਗੁਰਬਾਣੀ ਦੇ ਮੁਫਤ ਪ੍ਰਸਾਰਨ ਦੇ ਮਸਲੇ ਨੂੰ ਬਿਨਾਂ ਵਜ੍ਹਾ ਲਮਕਾ ਕੇ ਬਾਦਲ ਪਰਵਾਰ ਦੇ ਇਸ਼ਾਰਿਆਂ ਉਤੇ ਕੰਮ ਕਰ ਰਹੀ ਹੈ। ਮਾਨ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਨੇ ਇਕ ਸਾਲ ਪਹਿਲਾਂ ਗੁਰਬਾਣੀ ਦਾ ਮੁਫਤ ਪ੍ਰਸਾਰਨ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਕਿਹਾ ਸੀ, ਪਰ ਸ਼੍ਰੋਮਣੀ ਕਮੇਟੀ ਉਸ ਸਮੇਂ ਤੋਂ ਹੱਥ ਉਤੇ ਹੱਥ ਧਰ ਕੇ ਬੈਠੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਵੀ ਜਥੇਦਾਰ ਸਾਹਿਬ ਨੇ ਗੁਰਬਾਣੀ ਦੇ ਪ੍ਰਸਾਰਨ ਲਈ ਕਿਸੇ ਚੈਨਲ ਦੇ ਨਾਂਅ ਦਾ ਜ਼ਿਕਰ ਤੱਕ ਨਹੀਂ ਕੀਤਾ, ਪਰ ਸ਼੍ਰੋਮਣੀ ਕਮੇਟੀ ਨੇ ਅੰਨ੍ਹੀ ਵਫਾਦਾਰੀ ਪ੍ਰਗਟਾਉਂਦਿਆਂ ਉਸੇ ਚੈਨਲ ਨੂੰ ਗੁਰਬਾਣੀ ਦਾ ਪ੍ਰਸਾਰਨ ਜਾਰੀ ਰੱਖਣ ਲਈ ਕਿਹਾ ਹੈ, ਤਾਂ ਕਿ ਆਪਣੇ ਆਕਾਵਾਂ ਨੂੰ ਖੁਸ਼ ਕੀਤਾ ਜਾ ਸਕੇ। ਉਹਨਾ ਕਿਹਾ ਕਿ ਸੂਝਵਾਨ ਲੋਕ ਮਨੁੱਖਤਾ ਦੇ ਵਿਰੁੱਧ ਇਸ ਗੁਨਾਹ ਲਈ ਅਜੋਕੇ ਦੌਰ ਦੇ ਮਸੰਦਾਂ ਨੂੰ ਕਦੇ ਵੀ ਮੁਆਫ ਨਹੀਂ ਕਰਨਗੇ। ਮੁੱਖ ਮੰਤਰੀ ਨੇ ਦੁਹਰਾਉਂਦਿਆਂ ਕਿਹਾ ਕਿ ਜੇਕਰ ਸੂਬਾ ਸਰਕਾਰ ਨੂੰ ਸੇਵਾ ਦਾ ਮੌਕਾ ਮਿਲਦਾ ਹੈ ਤਾਂ ਗੁਰਬਾਣੀ ਦੇ ਲਾਈਵ ਅਤੇ ਮੁਫਤ ਪ੍ਰਸਾਰਨ ਲਈ ਸਾਰੇ ਬੰਦੋਬਸਤ 24 ਘੰਟਿਆਂ 'ਚ ਕੀਤੇ ਜਾ ਸਕਦੇ ਹਨ। ਸਰਕਾਰੀ ਸਮਾਗਮਾਂ ਨੂੰ ਲਾਈਵ ਕਰਨ ਲਈ ਲਾਈਵ ਫੀਡ ਦੇਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਈ ਵਾਰ ਇਹ ਪ੍ਰਬੰਧ ਇਕ ਘੰਟੇ ਵਿਚ ਹੀ ਕਰ ਲਏ ਜਾਂਦੇ ਹਨ। ਉਹਨਾ ਕਿਹਾ ਕਿ ਇਸ ਨਾਲ ਹਰੇਕ ਸੈਟੇਲਾਈਟ ਚੈਨਲ ਅਤੇ ਵੈੱਬ ਚੈਨਲ ਉਤੇ ਗੁਰਬਾਣੀ ਦੇ ਮੁਫਤ ● ਬਾਕੀ ਸਫ਼ਾ 2 'ਤੇ

72 ਪ੍ਰਿੰਸੀਪਲਾਂ ਦੇ ਤੀਜੇ ਤੇ ਚੌਥੇ ਬੈਚ ਨੂੰ ਸਿੰਗਾਪੁਰ ਲਈ ਕੀਤਾ ਰਵਾਨਾ

ਚੰਡੀਗੜ੍ਹ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਪੰਜਾਬ ਨਵੀਂ ਸਿੱਖਿਆ ਕ੍ਰਾਂਤੀ ਵੱਲ ਵੱਡੀਆਂ ਪੁਲਾਂਘਾਂ ਪੁੱਟ ਰਿਹਾ ਹੈ। ਇੱਥੋਂ 72 ਪ੍ਰਿੰਸੀਪਲਾਂ ਦੇ ਤੀਜੇ ਤੇ ਚੌਥੇ ਬੈਚ ਨੂੰ 'ਸਿੰਗਾਪੁਰ ਪ੍ਰਿੰਸੀਪਲਜ਼ ਟ੍ਰੇਨਿੰਗ ਅਕੈਡਮੀ' ਲਈ ਰਵਾਨਾ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਦੀ ਉਨ੍ਹਾਂ ਵੱਲੋਂ ਦਿੱਤੀ ਗਾਰੰਟੀ ਦੇ ਮੁਤਾਬਕ ਇਨ੍ਹਾਂ ਪ੍ਰਿੰਸੀਪਲਾਂ ਨੂੰ ਸਿੰਗਾਪੁਰ ਭੇਜਿਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਇਨ੍ਹਾਂ 72 ਪ੍ਰਿੰਸੀਪਲਾਂ 'ਚੋਂ 92-93 ਫੀਸਦੀ ਪ੍ਰਿੰਸੀਪਲ ਪਹਿਲੀ ਵਾਰ ਵਿਦੇਸ਼ ਜਾ ਰਹੇ ਹਨ, ਜਿਸ ਨਾਲ ਉਨ੍ਹਾਂ ਦਾ ਦੌਰਾ ਸਿੱਖਿਆ ਦੇ ਖੇਤਰ 'ਚ ਸੁਧਾਰ ਲਿਆਉਣ ਲਈ ਮੀਲ ਪੱਥਰ ਸਾਬਤ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਦਾ ਮਨੋਰਥ ਇਹ ਯਕੀਨੀ ਬਣਾਉਣਾ ਹੈ ਕਿ ਸੂਬੇ ਦੇ ਵਿਦਿਆਰਥੀ ਪੰਜਾਬ 'ਚ ਵਿਸ਼ਵ ਪੱਧਰੀ ਸਿੱਖਿਆ ਪ੍ਰਾਪਤ ਕਰ ਸਕਣ, ਜਿਸ ਨਾਲ ਉਹ ਆਪਣੇ ਕਾਨਵੈਂਟ ਸਕੂਲਾਂ 'ਚ ਪੜ੍ਹੇ ਰਹੇ ਹਾਣੀਆਂ ਦਾ ਮੁਕਾਬਲਾ ਕਰ ਸਕਣ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ 'ਚ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ, ਜਿੱਥੇ ਪ੍ਰਿੰਸੀਪਲ ਅਤੇ ● ਬਾਕੀ ਸਫ਼ਾ 2 'ਤੇ

ਯੂ ਪੀ ਐੱਸ ਸੀ ਦੀ ਕੋਚਿੰਗ ਲਈ ਆਧੁਨਿਕ ਸਿਖਲਾਈ ਕੇਂਦਰ ਖੋਲ੍ਹੇਗੀ ਸਰਕਾਰ

ਚੰਡੀਗੜ੍ਹ : ਆਈ ਏ ਐਸ/ਆਈ ਪੀ ਐੱਸ/ਆਈ ਆਰ ਐੱਸ ਅਤੇ ਅਜਿਹੀਆਂ ਹੋਰ ਕੇਂਦਰੀ ਸੇਵਾਵਾਂ 'ਚ ਪੰਜਾਬ ਦੀ ਨੁਮਾਇੰਦਗੀ ਵਧਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਐੱਸ ਸੀ) ਵੱਲੋਂ ਲਈਆਂ ਜਾਂਦੀਆਂ ਪ੍ਰੀਖਿਆਵਾਂ ਲਈ ਕੋਚਿੰਗ ਦੇਣ ਲਈ ਰਾਜ 'ਚ ਅੱਠ ਅਤਿ-ਆਧੁਨਿਕ ਸਿਖਲਾਈ ਕੇਂਦਰ ਸਥਾਪਤ ਕਰਨ ਬਾਰੇ ਵਿਚਾਰ-ਚਰਚਾ ਕੀਤੀ। ਇਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕੇਂਦਰੀ ਸੇਵਾਵਾਂ ਖਾਸ ਕਰਕੇ ਯੂ ਪੀ ਐੱਸ ਸੀ ਵੱਲੋਂ ਲਈਆਂ ਜਾਂਦੀਆਂ ਪ੍ਰੀਖਿਆਵਾਂ ਵਿੱਚ ਸੂਬੇ ਦੇ ਘਟਦੇ ਅਨੁਪਾਤ 'ਤੇ ਚਿੰਤਾ ਪ੍ਰਗਟਾਈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਕੇਂਦਰ ਨੌਜਵਾਨਾਂ ਨੂੰ ਯੂ ਪੀ ਐੱਸ ਸੀ ਦੀਆਂ ਪ੍ਰੀਖਿਆਵਾਂ ਪਾਸ ਕਰਨ ਲਈ ਮੁਫਤ ਮਿਆਰੀ ਸਿਖਲਾਈ ਦੇਣਗੇ ਅਤੇ ਨੌਜਵਾਨ ਸੂਬਾ ਤੇ ਕੇਂਦਰ ਸਰਕਾਰ ਦੋਵਾਂ 'ਚ ਉੱਚ ਅਹੁਦਿਆਂ 'ਤੇ ਪਹੁੰਚ ਕੇ ਦੇਸ਼ ਦੀ ਸੇਵਾ ਕਰਨਗੇ।

ਉਨ੍ਹਾ ਕਿਹਾ ਕਿ ਇਨ੍ਹਾਂ ਕੇਂਦਰਾਂ 'ਚ ਦਾਖਲਾ ਲੈਣ ਵਾਲੇ ਚਾਹਵਾਨਾਂ ਨੂੰ ਸਿਖਲਾਈ ਦੇ ਨਾਲ-ਨਾਲ ਸੂਬਾ ਸਰਕਾਰ ਵੱਲੋਂ ਵਿੱਤੀ ਸਹਾਇਤਾ ਵੀ ਦਿੱਤੀ ਜਾਵੇਗੀ। ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਦੇਸ਼ ਦੀ ਅਗਵਾਈ ਕਰਨ ਵਾਲੇ ਵਧੀਆ ਨੌਕਰਸ਼ਾਹ ਪੈਦਾ ਕਰੇਗਾ।

ਬਜਰੰਗ-ਵਿਨੇਸ਼ ਨੂੰ ਟਰਾਇਲ ਤੋਂ ਮਿਲੀ ਛੋਟ ਖਿਲਾਫ਼ ਪਟੀਸ਼ਨ ਖਾਰਜ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ ਸ਼ਨੀਵਾਰ ਭਲਵਾਨ ਬਜਰੰਗ ਪੂਨੀਆ ਅਤੇ ਵਿਨੇਸ਼ ਫੋਗਾਟ ਨੂੰ ਏਸ਼ੀਆ ਖੇਡਾਂ ਲਈ ਸਿਲੈਕਟ ਟਰਾਇਲ ਤੋਂ ਮਿਲੀ ਛੋਟ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਰੱਦ ਕਰ ਦਿੱਤੀ। ਜਸਟਿਸ ਸੁਬਰਾਮਨੀਅਮ ਪ੍ਰਸਾਦ ਨੇ ਇਸ ਮਾਮਲੇ 'ਚ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ। ਅੰਡਰ 20 ਵਿਸ਼ਵ ਚੈਂਪੀਅਨ ਅੰਤਿਮ ਪੰਘਾਲ ਅਤੇ ਅੰਡਰ-23 ਏਸ਼ੀਆ ਚੈਂਪੀਅਨ ਸੁਜੀਤ ਕਲਕਲ ਨੇ ਬਜਰੰਗ-ਵਿਨੇਸ਼ ਨੂੰ ਦਿੱਤੀ ਗਈ ਛੋਟ ਨੂੰ ਚੁਣੌਤੀ ਦਿੱਤੀ ਸੀ। ਭਾਰਤੀ ਕੁਸ਼ਤੀ ਮਹਾਂ ਸੰਘ ਦੀ ਐਡਹਾਕ ਕਮੇਟੀ ਨੇ ਹਾਲ ਹੀ 'ਚ ਓਲੰਪਿਕ ਤਮਗਾ ਜੇਤੂ ਬਜਰੰਗ ਪੂਨੀਆ ਅਤੇ ਵਰਲਡ ਚੈਂਪੀਅਨ ਤਮਗਾ ਵਿਜੇਤਾ ਫੋਗਾਟ ਨੂੰ ਏਸ਼ੀਆਈ ਖੇਡਾਂ ਲਈ ਸਿੱਧੀ ਐਂਟਰੀ ਦਿੱਤੀ ਸੀ।

ਦੋ ਸਰਕਾਰੀ ਸਕੂਲਾਂ 'ਚ ਭਲਕ ਤੱਕ ਛੁੱਟੀਆਂ

ਮਾਨਸਾ (ਪਮਾਰ) ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਰਿਸ਼ੀਪਾਲ ਸਿੰਘ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਖੈਰਾ ਖੁਰਦ ਵਿਖੇ 24 ਜੁਲਾਈ ਤੱਕ ਛੁੱਟੀ ਘੋਸ਼ਿਤ ਕੀਤੀ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਉਪ ਮੰਡਲ ਮੈਜਿਸਟਰੇਟ ਸਰਦੂਲਗੜ੍ਹ ਅਮਰਿੰਦਰ ਸਿੰਘ ਮੱਲ੍ਹੀ ਦੀ ਰਿਪੋਰਟ 'ਤੇ ਹੜ੍ਹਾਂ ਦੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੈਰਾ ਖੁਰਦ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਖੈਰਾ ਖੁਰਦ ਨੂੰ ਨਵਾਂ ਰਾਹਤ ਕੈਂਪ ਘੋਸ਼ਿਤ ਕਰਦੇ ਹੋਏ ਦੋਨੋਂ ਸਕੂਲ ਇਕੋ ਇਮਾਰਤ 'ਚ ਹੋਣ ਕਾਰਨ ਸਕੂਲ 'ਚ ਛੁੱਟੀ ਘੋਸ਼ਿਤ ਕੀਤੀ ਗਈ ਹੈ।

ਮੌਜੂਦਾ ਹਾਕਮ ਚਾਹੁੰਦੇ ਹਨ ਕਿ ਬੇਰੁਜ਼ਗਾਰੀ ਬਣੀ ਰਹੇ : ਅਮਿਤ ਕੁਮਾਰ

ਅਮਿਤ ਕੁਮਾਰ ਸੰਬੋਧਨ ਕਰਦੇ ਹੋਏ। ਮੰਚ 'ਤੇ ਬੈਠੇ ਹਰਦੇਵ ਅਰਸ਼ੀ, ਐੱਮ ਐੱਸ ਭਾਟੀਆ, ਅਨਿਲ ਰਾਜਮਵਾਲਾ ਤੇ ਸਾਹਮਣੇ ਬੈਠੇ ਹਨ ਸਰੋਤੇ।

ਚੰਡੀਗੜ੍ਹ (ਗਿਆਨ ਸੈਦਪੁਰੀ)

'ਮੌਜੂਦਾ ਹਾਕਮ ਚਾਹੁੰਦੇ ਹਨ ਕਿ ਬੇਰੁਜ਼ਗਾਰੀ ਬਣੀ ਰਹੇ। ਇਸੇ ਵਿੱਚ ਹੀ ਸਰਕਾਰਾਂ ਅਤੇ ਪੂੰਜੀਪਤੀਆਂ ਦੇ ਸਾਂਝੇ ਹਿੱਤ ਵਧਦੇ-ਫੁਲਦੇ ਹਨ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੇ ਪੀ ਐੱਚ ਡੀ ਦੇ ਵਿਦਿਆਰਥੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਵਿੱਦਿਆ ਵਿਭਾਗ ਦੇ ਮੈਂਬਰ ਅਮਿਤ ਕੁਮਾਰ ਨੇ ਕੀਤਾ। ਉਹ ਸੀ ਪੀ ਆਈ ਦੇ ਸਦਰ ਮੁਕਾਮ 'ਤੇ ਚੱਲ ਰਹੇ ਤਿੰਨ ਰੋਜ਼ਾ ਸਕੂਲ ਦੇ ਦੂਸਰੇ ਦਿਨ ਪੂੰਜੀਵਾਦੀ ਬਾਰੇ ਪੜ੍ਹਾ ਰਹੇ ਸਨ। ਉਨ੍ਹਾ ਖੁਸ਼ਕ ਵਿਸ਼ੇ ਨੂੰ ਦਿਲਚਸਪ ਢੰਗ ਨਾਲ ਪੜ੍ਹਾਉਂਦਿਆਂ ਹਾਕਮਾਂ ਅਤੇ ਪੂੰਜੀਪਤੀਆਂ ਦੇ ਲੋਕ ਵਿਰੋਧੀ ਮਨਸ਼ਿਆਂ ਨੂੰ ਵੀ ਜੱਗ-ਜ਼ਾਹਰ ਕੀਤਾ। ਪਾਰਟੀ ਸਕੂਲ ਦੀ ਦੇਖ-ਰੇਖ ਪਾਰਟੀ ਵਿਦਿਆ ਵਿਭਾਗ ਦੇ ਸਕੱਤਰ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਕਰ ਰਹੇ ਹਨ। ਐੱਮ ਐੱਸ ਭਾਟੀਆ ਸਕੂਲ ਦੇ ਮੋਨੀਟਰ ਹਨ।

ਉਨ੍ਹਾ ਪੈਦਾਵਾਰ ਦੀ ਕਾਣੀ-ਵੰਡ, ਪੂੰਜੀ ਦੀਆਂ ਕਿਸਮਾਂ ਅਤੇ ਵਿੱਤੀ ਪੂੰਜੀ ਬਾਰੇ ਵਿਸਥਾਰ ਨਾਲ ਜ਼ਿਕਰ ਕੀਤਾ। ਉਨ੍ਹਾ ਦੱਸਿਆ ਕਿ ਮੌਜੂਦਾ ਦੌਰ ਪੂੰਜੀ ਦੀ ਆਰਾਜਕਤਾ ਦਾ ਦੌਰ ਹੈ। ਇਸ ਵਿੱਚ ਪੂੰਜੀਪਤੀਆਂ ਵੱਲੋਂ ਲੁੱਟ ਦੇ ਵੱਖ-ਵੱਖ ਢੰਗ ਖੋਜੇ ਜਾਂਦੇ ਹਨ। ਇਸ ਦੌਰ 'ਚ ਉਤਪਾਦਨ ਤਾਂ ਬਹੁਤ ਜ਼ਿਆਦਾ ਹੋ ਰਿਹਾ ● ਬਾਕੀ ਸਫ਼ਾ 2 'ਤੇ

ਯਾਸਿਨ ਮਲਿਕ ਨੂੰ ਕੋਰਟ ਲਿਜਾਣ ਦੇ ਮਾਮਲੇ 'ਚ ਤਿਹਾੜ ਜੇਲ੍ਹ ਦੇ 4 ਅਧਿਕਾਰੀ ਸਸਪੈਂਡ

ਨਵੀਂ ਦਿੱਲੀ : ਜੰਮੂ-ਕਸ਼ਮੀਰ ਦੇ ਅੱਤਵਾਦੀ ਯਾਸਿਨ ਮਲਿਕ ਨੂੰ ਸੁਪਰੀਮ ਕੋਰਟ 'ਚ ਵਿਅਕਤੀਗਤ ਤੌਰ 'ਤੇ ਪੇਸ਼ ਕੀਤਾ ਗਿਆ ਸੀ। ਉਸ ਨੂੰ ਕੋਰਟ 'ਚ ਦੇਖ ਕੇ ਸੁਪਰੀਮ ਕੋਰਟ ਦੇ ਜੱਜ ਹੈਰਾਨ ਰਹਿ ਗਏ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਸੁਪਰੀਮ ਕੋਰਟ 'ਚ ਮਲਿਕ ਦੀ ਮੌਜੂਦਗੀ 'ਤੇ ਇਤਰਾਜ ਪ੍ਰਗਟਾਇਆ ਅਤੇ ਕਿਹਾ ਕਿ ਅਦਾਲਤ ਵੱਲੋਂ ਇਸ ਤਰ੍ਹਾਂ ਦਾ ਕੋਈ ਆਦੇਸ਼ ਨਹੀਂ ਦਿੱਤਾ ਗਿਆ ਸੀ ਕਿ ਮਲਿਕ ਨੂੰ ਸੁਪਰੀਮ ਕੋਰਟ ਦੇ ਸਾਹਮਣੇ ਪੇਸ਼ ਕੀਤਾ ਜਾਣਾ ਚਾਹੀਦਾ, ਇਹ ਸੁਰੱਖਿਆ ਲਈ ਇੱਕ ਵੱਡਾ ਮੁੱਦਾ ਹੈ। ਉਨ੍ਹਾ ਯਾਸਿਨ ਮਲਿਕ ਨੂੰ ਇਜਾਜ਼ਤ ਦੇਣ ਲਈ ਅਦਾਲਤ 'ਚ ਮੌਜੂਦ ਜੇਲ੍ਹ ● ਬਾਕੀ ਸਫ਼ਾ 2 'ਤੇ

ਕਰਨਾਟਕ-ਰਾਜਸਥਾਨ ਦਾ ਦੌਰਾ ਤਾਂ ਕਰ ਸਕਦੇ ਮੋਦੀ, ਮਨੀਪੁਰ ਕਿਉਂ ਨਹੀਂ ਜਾਂਦੇ : ਗਹਿਲੋਤ

ਜੈਪੁਰ : ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਕਿ ਪ੍ਰਧਾਨ ਮੋਦੀ ਨੇ ਰਾਜਸਥਾਨ ਦੀ ਤੁਲਨਾ ਮਨੀਪੁਰ ਨਾਲ ਕਰਕੇ ਇੱਥੇ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ, ਜਿਸ ਤਰ੍ਹਾਂ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਰਾਜਸਥਾਨ ਅਤੇ ਛੱਤੀਸਗੜ੍ਹ ਦੇ ਮੁੱਖ ਮੰਤਰੀਆਂ ਨੂੰ ਸੂਬੇ 'ਚ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਧਿਆਨ ਰੱਖਣਾ ਚਾਹੀਦਾ, ਉਸ ਨਾਲ ਰਾਜਸਥਾਨ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਗਹਿਲੋਤ ਨੇ ਕਿਹਾ, ਮੋਦੀ ਤਾਂ ਵਿਦੇਸ਼ ਜਾਂਦੇ ਰਹਿੰਦੇ ਹਨ, ਪਰ ਉਹ ਮਨੀਪੁਰ ਨਹੀਂ ਗਏ। ਉਨ੍ਹਾ ਕਿਹਾ, ਮਨੀਪੁਰ 'ਚ ਭਾਜਪਾ ਦੀ ਸਰਕਾਰ। ਤੁਸੀਂ ਕਲਪਨਾ ਕਰ ਸਕਦੇ ਹੋ ਕਿ ਜੇਕਰ ਉਥੇ ਕਾਂਗਰਸ ਹੁੰਦੀ ਤਾਂ ਕੀ ਹੁੰਦਾ? ਮਨੀਪੁਰ ਦੇ ਮੁੱਖ ਮੰਤਰੀ ਨੇ ਖੁਦ ਮੰਨਿਆ ਕਿ ਉਥੇ ਹਜ਼ਾਰਾਂ ਘਟਨਾਵਾਂ ਹੋਈਆਂ। ਮਨੀਪੁਰ 'ਚ ਘੱਟੋ-ਘੱਟ 3000 ਤੋਂ 4000 ਐੱਫ ਆਈ ਆਰ ਦਰਜ ਕੀਤੀਆਂ ਗਈਆਂ ਹਨ ਅਤੇ ਇਹ ਲੋਕ ਮਨੀਪੁਰ ਦੀ ਤੁਲਨਾ ਰਾਜਸਥਾਨ ਨਾਲ ਕਰ ਰਹੇ ਹਨ। ਰਾਜਸਥਾਨ 'ਚ ਛੋਟੀਆਂ-ਮੋਟੀਆਂ ਘਟਨਾਵਾਂ ਹੋਈਆਂ ਹਨ, ਜਿਨ੍ਹਾ ਦੀ ਤੁਲਨਾ ਮਨੀਪੁਰ ਨਾਲ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਮੋਦੀ ਮਨੀਪੁਰ ਨਹੀਂ ਜਾ ਸਕਦੇ ਤਾਂ ਉਨ੍ਹਾ ਨੂੰ ਇੱਕ ਮੀਟਿੰਗ ਬੁਲਾਉਣੀ ਚਾਹੀਦੀ ਸੀ। ਮਨੀਪੁਰ ਦੇ ਹਾਲਾਤ ਦੀ ਸਮੀਖਿਆ ਕਰਨੀ ਚਾਹੀਦੀ ਸੀ। ਮੈਂ ਪਹਿਲੀ ਵਾਰ ਦੇਖਿਆ ਕਿ ਕੋਈ ਪ੍ਰਧਾਨ ਮੰਤਰੀ ਚੋਣਾਂ ਲਈ ਕਰਨਾਟਕ-ਰਾਜਸਥਾਨ ਅਤੇ ਹੋਰ ਸਥਾਨਾਂ ਦਾ ਦੌਰਾ ਕਰ ਸਕਦਾ ਹੈ, ਪਰ ਮਨੀਪੁਰ ਦਾ ਨਹੀਂ। ਮਨੀਪੁਰ 'ਚ ਉਨ੍ਹਾ ਦੀ ਸਰ

23-JULY-PAGE-1.qxd 7/22/2023 10:21 PM Page 2

ਹੜ੍ਹ ਪੀੜਤਾਂ ਲਈ ਹਰੇ ਚਾਰੇ ਦੇ ਟਰਾਲੇ ਰਵਾਨਾ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਹਲਕਾ ਗਿੱਦੜਬਾਹਾ ਦੇ ਪਿੰਡ ਕੋਟਭਾਈ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਹੜ੍ਹ ਪੀੜਤ ਲੋਕਾਂ ਦੀ ਸੇਵਾ ਲਈ ਹਰੇ ਚਾਰੇ ਦੇ ਟਰਾਲੇ ਲੈ ਕੇ ਗਏ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਜਥੇਬੰਦੀ ਦੇ ਜ਼ਿਲ੍ਹਾ ਜੁਇੰਟ ਸਕੱਤਰ ਕੁਲਦੀਪ ਸਿੰਘ ਨੇਤਾ ਕੋਟਭਾਈ ਨੇ ਦੱਸਿਆ ਕਿ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਸਹਾਇਤਾ ਕਰਨ ਲਈ ਪਿੰਡ ਕੋਟਭਾਈ ਦੇ ਲੋਕਾਂ ਵੱਲੋਂ ਸਰਦੂਲਗੜ੍ਹ ਹਰੇ ਚਾਰੇ ਦੀ ਸੇਵਾ ਚਲ ਰਹੀ ਹੈ ਅਤੇ ਸਰਦੂਲਗੜ੍ਹ ਬੇਸਹਾਰਾ ਗਊਸ਼ਾਲਾ ਵਿੱਚ ਵੀ ਹਰੇ ਚਾਰੇ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਮੌਕੇ ਗੁਰਮੀਤ ਮਾਨ, ਜਗਮੀਤ ਸਿੰਘ, ਗੁਰਪ੍ਰੀਤ ਚਹਿਲ, ਜਗਮੀਤ ਸਿੰਘ (ਨਿੱਕਾ), ਹਰਪਾਲ ਸਿੰਘ ਨਿੱਕਾਸ਼ੁੰਬਲ, ਰਾਜਪਾਲ ਸਿੰਘ, ਸੱਤਪਾਲ ਸਿੰਘ, ਕਾਲਾ ਸਿੰਘ ਕੋਠੇ ਹਿੰਮਤਪੁਰਾ, ਅਰਸ਼ ਮਾਨ ਇਨ੍ਹਾਂ ਵੀਰਾਂ ਵੱਲੋਂ ਮੱਕੀ, ਟਰੈਕਟਰ ਟਰਾਲੀਆਂ ਅਤੇ ਮੱਕੀ ਕੁਤਰਨ ਵਾਸਤੇ ਮਸ਼ੀਨ ਦੀ ਸੇਵਾ ਕੀਤੀ ਗਈ। ਸੁਖਪਾਲ ਸਿੰਘ ਗੋਲਡੀ, ਕੁਲਦੀਪ ਸਿੰਘ ਨੇਤਾ ਮਾਨ, ਗੁਰਜੰਟ ਸਿੰਘ, ਸੇਵਕ ਸਿੰਘ, ਜਲੌਰ ਸਿੰਘ ਨੀਲਾ ਬਰਾੜ, ਦਿਲਬਾਗ ਸਿੰਘ, ਮੀਤ ਸਿੰਘ, ਕਾਲੂ ਸਿੰਘ ਆਦਿ ਵੱਲੋਂ ਵੀ ਪੂਰਾ ਸਹਿਯੋਗ ਤੇ ਸੇਵਾ ਕੀਤੀ ਗਈ।

ਦਿ ਰੌਇਲ ਗਲੋਬਲ ਸਕੂਲ 'ਚ 'ਕਿਸ ਮੇਂ ਕਿਤਨਾ ਹੈ ਦਮ' ਦੇ ਐਡੀਸ਼ਨ ਦਾ ਆਯੋਜਨ

ਭੀਖੀ (ਧਰਮਵੀਰ ਸ਼ਰਮਾ)-ਦਿ ਰੌਇਲ ਗਲੋਬਲ ਸਕੂਲ ਖਿਆਲਾ ਕਲਾਂ ਵਿਖੇ ਡੀ ਡੀ ਪੰਜਾਬੀ ਦੇ ਰਿਆਲਿਟੀ ਸ਼ੋਅ ਕਿਸ ਮੇਂ ਕਿਤਨਾ ਹੈ ਦਮ ਦੇ ਐਡੀਸ਼ਨ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮਾਨਸਾ ਜ਼ਿਲ੍ਹੇ ਦੇ ਲਗਭਗ ਇੱਕ ਹਜ਼ਾਰ ਤੋਂ ਜ਼ਿਆਦਾ ਬੱਚਿਆਂ ਨੇ ਭਾਗ ਲਿਆ। ਸ਼ੋਅ ਵਿੱਚ ਰੌਇਲ ਗਲੋਬਲ ਸਕੂਲ ਦੇ ਲਗਭਗ ਸਾਰੇ ਵਿਦਿਆਰਥੀ ਨੇ ਅਲੱਗ ਅਲੱਗ ਈਵੈਂਟ ਜਿਵੇਂ ਕਿ ਸੁੰਦਰ ਲਿਖਾਈ, ਪੇਂਟਿੰਗ, ਗਾਇਨ, ਡਾਂਸ, ਕਵਿਤਾ, ਮਾਡਲਿੰਗ, ਗਿੱਧਾ, ਭੰਗੜਾ ਆਦਿ ਵਿੱਚ ਆਪਣਾ ਹੁਨਰ ਦਿਖਾਇਆ। ਇਸ ਸ਼ੋਅ ਦੇ ਡਾਇਰੈਕਟਰ ਅਤੇ ਪ੍ਰੋਡਿਊਸਰ ਵਰੁਣ ਬਾਂਸਲ ਨੇ ਦੱਸਿਆ ਕਿ ਇਹ ਸ਼ੋਅ ਇੱਕ ਅਜਿਹਾ ਪਲੇਟਫਾਰਮ ਹੈ, ਜਿਸ ਵਿੱਚ ਹਰ ਇੱਕ ਨੂੰ ਆਪਣਾ ਹੁਨਰ ਦਿਖਾਉਣ ਦਾ ਮੌਕਾ ਮਿਲਦਾ ਹੈ, ਇਸ ਸ਼ੋਅ ਦੇ ਪੰਜ ਰਾਊਂਡ ਹੋਣਗੇ। ਇਸ ਮੌਕੇ ਏਰੀਆ ਮੈਨੇਜਰ ਅੰਮ੍ਰਿਤ ਕਟਾਰੀਆ ਅਤੇ ਵਰੁਣ ਬਾਂਸਲ ਮੌਜੂਦ ਸਨ। ਸਕੂਲ ਪ੍ਰਿੰਸੀਪਲ ਯੋਗਿਤਾ ਭਾਟੀਆ ਨੇ ਦੱਸਿਆ ਕਿ ਰੌਇਲ ਗਲੋਬਲ ਸਕੂਲ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਅਜਿਹੇ ਮੌਕੇ ਪ੍ਰਦਾਨ ਕਰਦਾ ਹੈ ਤਾਂ ਕਿ ਵਿਦਿਆਰਥੀ ਹਰ ਪੱਖ ਤੋਂ ਅੱਗੇ ਰਹਿ ਕੇ ਸਮੇਂ ਦੇ ਹਾਣੀ ਬਣ ਸਕਣ। ਸਕੂਲ ਚੈਅਰਮੈਨ ਏਕਮਜੀਤ ਸੋਹਲ ਨੇ ਦੱਸਿਆ ਕਿ ਸਕੂਲ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ।

ਨਗਰ ਕੌਂਸਲ ਵੱਲੋਂ ਪਬਲਿਕ ਥਾਵਾਂ 'ਤੇ ਪੌਦੇ ਲਗਾਉਣ ਦੀ ਮੁਹਿਮ ਸ਼ੁਰੂ

ਮਾਛੀਵਾੜਾ ਸਾਹਿਬ (ਸ਼ੋਕੀ ਸ਼ਰਮਾ, ਜਗਦੀਸ਼ ਰਾਏ)-ਨਗਰ ਕੌਂਸਲ ਮਾਛੀਵਾੜਾ ਵਲੋਂ ਸ਼ਹਿਰ ਦਾ ਵਾਤਾਵਰਣ ਸ਼ੁੱਧ ਰੱਖਣ ਲਈ ਵੱਖ-ਵੱਖ ਪਬਲਿਕ ਥਾਵਾਂ 'ਤੇ 1001 ਪੌਦੇ ਲਗਾਉਣ ਦੀ ਮੁਹਿਮ ਸ਼ੁਰੂ ਕਰ ਦਿੱਤੀ ਹੈ। ਸਥਾਨਕ ਗੁਰੂ ਰਵਿਦਾਸ ਪਾਰਕ ਵਿਖੇ ਇਸ ਮੁਹਿਮ ਦੀ ਸ਼ੁਰੂਆਤ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਅਤੇ ਕਾਰਜ ਸਾਧਕ ਅਫ਼ਸਰ ਗੁਰਪਾਲ ਸਿੰਘ ਨੇ ਸੰਯੁਕਤ ਰੂਪ ਵਿਚ ਪੌਦੇ ਲਗਾ ਕੇ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਦਿਆਲਪੁਰਾ ਅਤੇ ਈ ਓ ਗੁਰਪਾਲ ਸਿੰਘ ਨੇ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਤਹਿਤ ਵਾਤਾਵਰਣ ਦੀ ਸ਼ੁੱਧਤਾ ਅਤੇ ਸ਼ਹਿਰ ਨੂੰ ਹਰਿਆ-ਭਰਿਆ ਰੱਖਣ ਲਈ ਇਹ ਪੌਦੇ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਪਾਰਕਾਂ, ਜਾਇਦਾਦਾਂ ਅਤੇ ਹੋਰਨਾਂ ਥਾਵਾਂ 'ਤੇ ਇਹ ਪੌਦੇ ਲਗਾਏ ਜਾਣਗੇ। ਵਿਧਾਇਕ ਦਿਆਲਪੁਰਾ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੀ ਸ਼ਹਿਰ ਨੂੰ ਹਰਿਆ-ਭਰਿਆ ਰੱਖਣ ਵਿਚ ਸਹਿਯੋਗ ਦਿੰਦਿਆਂ ਇੱਕ ਪੌਦਾ ਜ਼ਰੂਰ ਲਗਾਉਣ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਪੌਦੇ ਲਗਾਉਣ ਦੇ ਨਾਲ-ਨਾਲ ਇਨ੍ਹਾਂ ਦੀ ਸਾਂਭ-ਸੰਭਾਲ ਵੀ ਜ਼ਰੂਰੀ ਹੈ ਤਾਂ ਜੋ ਇਹ ਆਉਣ ਵਾਲੇ ਸਮੇਂ 'ਚ ਰੁੱਖ ਬਣ ਕੇ ਸਾਨੂੰ ਆਕਸੀਜਨ ਦਿੰਦੇ ਰਹਿਣ। ਇਸ ਮੌਕੇ ਸੁਖਵਿੰਦਰ ਸਿੰਘ ਗਿੱਲ, ਜਗਮੀਤ ਸਿੰਘ ਮੱਕੜ, ਪ੍ਰਵੀਨ ਮੱਕੜ, ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਜਥੇਦਾਰ ਸੇਵਾ ਸਿੰਘ ਵੀ ਮੌਜੂਦ ਸਨ।

ਵਿਦਿਆਰਥੀਆਂ ਨੇ ਵਿਸ਼ਵ ਰਿਕਾਰਡ ਬਣਾਉਣ 'ਚ ਹਿੱਸਾ ਲਿਆ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਆਪਣਾ ਪੰਜਾਬ ਫਾਊਂਡੇਸ਼ਨ ਪੰਜਾਬ ਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਧੂਰੀ ਵਿਖੇ ਕਾਲਜ ਦੇ ਖੁੱਲ੍ਹੇ ਸਟੇਡੀਅਮ 'ਚ 11 ਹਜ਼ਾਰ ਵਿਦਿਆਰਥੀਆਂ ਵੱਲੋਂ ਵੱਡਾ 'ਮਨੁੱਖੀ ਦਰਖਤ' ਬਣਾਉਣ ਤੇ ਇੱਕੋ ਦਿਨ ਸੂਬੇ 'ਚ 7 ਲੱਖ ਬੂਟੇ ਲਗਾ ਕੇ ਵਿਸ਼ਵ ਰਿਕਾਰਡ ਸਥਾਪਿਤ ਕਰਨ ਦਾ ਮਾਣ ਪ੍ਰਾਪਤ ਕੀਤਾ। ਵਰਨਣਯੋਗ ਹੈ ਕਿ ਉਕਤ ਸੰਸਥਾ ਵੱਲੋਂ ਪਿਛਲੇ ਵਰ੍ਹੇ ਪੰਜ ਲੱਖ ਅਠਾਹਠ ਹਜ਼ਾਰ ਬੂਟੇ ਲਗਾਏ ਗਏ ਸਨ। ਪ੍ਰਿੰਸੀਪਲ ਮੈਡਮ ਸ੍ਰੀਮਤੀ ਜਸਵਿੰਦਰ ਕੌਰ ਨੇ ਦੱਸਿਆ ਕਿ ਬਰੜਵਾਲ ਦੇ ਖੁੱਲੇ ਸਟੇਡੀਅਮ ਵਿੱਚ ਇਸ ਵਿਸ਼ਵ ਰਿਕਾਰਡ ਦੇ ਸਾਖਸੀ ਬਣੇ ਹਜ਼ਾਰਾਂ ਲੋਕਾਂ ਤੇ ਸਕੂਲੀ ਬੱਚਿਆ ਦਰਮਿਆਨ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਅਤੇ ਦੇਸ਼ ਦੀ ਉੱਘੀ ਧਾਰਮਿਕ ਸਖਸ਼ੀਅਤ ਬਾਬਾ ਕਾਲੀਦਾਸ ਪਰਮਹੰਸ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। 60 ਸਕੂਲਾਂ ਦੇ 11 ਹਜ਼ਾਰ ਸਕੂਲੀ ਬੱਚਿਆਂ ਨੇ ਦੁਨੀਆਂ ਦਾ ਸਭ ਤੋਂ ਵੱਡਾ ਹਰਾ ਭਰਾ 'ਮਨੁੱਖੀ ਦਰਖਤ' ਬਣਾ ਕੇ ਵਿਸ਼ਵ ਰਿਕਾਰਡ ਬਣਾਇਆ। ਵਿਦਿਆਰਥੀਆਂ ਦੇ ਨਾਲ ਸਕੂਲ ਦੇ ਅਧਿਆਪਕ ਲਖਮੀਰ ਸਿੰਘ, ਮੈਡਮ ਜੀਨਤ, ਸੁਨੀਤਾ ਸ਼ਰਮਾ, ਅਮਨਦੀਪ ਕੌਰ, ਪ੍ਰਿਅੰਕਾ ਗਰਗ ਨੇ ਭਾਗ ਲਿਆ। ਸਕੂਲ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ ਅਤੇ ਜਤਿੰਦਰ ਗਿਸ਼ੀ ਨੇ ਫੈਡਰੇਸ਼ਨ ਦੇ ਪ੍ਰਬੰਧਕਾਂ ਅਤੇ ਸਕੂਲ ਦੇ ਪ੍ਰਿੰਸੀਪਲ ਜਸਵਿੰਦਰ ਕੌਰ, ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕੀਤੀ।

ਇੰਟਰ ਹਾਊਸ ਟੇਬਲ ਟੈਨਿਸ ਚੈਂਪੀਅਨਸ਼ਿਪ 'ਚ ਰੈੱਡ ਰੇਡਰ ਤੇ ਯੈਲੋ ਯਮਨ ਦੀ ਟੀਮ ਰਹੀ ਸਿਖਰ 'ਤੇ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਦਾਸ ਐਂਡ ਬਰਾਊਨ ਵਰਲਡ ਸਕੂਲ ਵਿਖੇ ਇੰਟਰ ਹਾਊਸ ਟੇਬਲ ਟੈਨਿਸ ਚੈਂਪੀਅਨਸ਼ਿਪ ਕਰਵਾਈ ਗਈ, ਜਿਸ ਵਿੱਚ ਸੈਂਕੜੇ ਵਿਦਿਆਰਥੀਆਂ ਨੇ ਭਾਗ ਲਿਆ। ਪ੍ਰਿੰਸੀਪਲ ਡਾ. ਰਾਜੇਸ਼ ਚੰਦੇਲ ਨੇ ਕਿਹਾ ਕਿ ਇਹ ਇਕ ਰੋਮਾਂਚਕ ਤਜਰਬਾ ਸੀ ਜਿਸ ਵਿਚ ਸਾਰੇ ਖਿਡਾਰੀਆਂ ਨੇ ਆਪਣੇ ਘਰ ਦੀ ਜਿੱਤ ਲਈ ਬਹੁਤ ਹੀ ਉਤਸ਼ਾਹ ਨਾਲ ਖੇਡ ਖੇਡੀ। ਪ੍ਰਿੰਸੀਪਲ ਨੇ ਸਭ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਸ਼ੁਰੂਆਤੀ ਸ਼ਾਟ ਮਾਰਿਆ ਅਤੇ ਖੇਡ ਦੀ ਸ਼ੁਰੂਆਤ ਕੀਤੀ। ਇਹ ਖੇਡ ਬਲੂ ਬ੍ਰਾਵੋਸ ਅਤੇ ਰੈੱਡ ਰੇਡਰ ਦੀਆਂ ਚਾਰ ਟੀਮਾਂ ਵਿਚਕਾਰ ਕਰਵਾਈ ਗਈ ਜਿਸ ਵਿਚ ਲੜਕਿਆਂ ਅਤੇ ਗਰੀਨ ਜੇਮਸ ਅਤੇ ਲੜਕੀਆਂ ਵਿਚ ਯੈਲੋ ਯੇਮਨ ਸ਼ਾਮਲ ਸਨ।ਸਖ਼ਤ ਮਿਹਨਤ ਅਤੇ ਕਾਂਟੇ ਦੀ ਟੱਕਰ ਦੇ ਬਾਅਦ ਰੇਡ ਰੈੱਡ ਰੇਡਰ ਲੜਕੇ ਅਤੇ ਯੈਲੋ ਯੇਮਨ ਗਰਲਜ਼ ਟੀਮ ਟਾਪਰ ਬਣ ਕੇ ਉਭਰੀ।ਜਿੱਤ ਦਾ ਐਲਾਨ ਹੁੰਦੇ ਹੀ ਸਾਰੇ ਖਿਡਾਰੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਉਨ੍ਹਾਂ ਨੇ ਜਿੱਤ ਦੇ ਨਿਸ਼ਾਨ ਬਣਾ ਕੇ ਆਪਣੀ ਜਿੱਤ ਦਾ ਇਜ਼ਹਾਰ ਕੀਤਾ।ਵੀ ਪੀ ਐਡਮਿਨ ਡਾ. ਸਲੀਨ ਨੇ ਦੱਸਿਆ ਕਿ ਸਕੂਲ ਵਿੱਚ ਸਪੇਡਸ ਤਹਿਤ ਸ਼ੂਟਿੰਗ ਅਤੇ ਤੈਰਾਕੀ ਦੀ ਕੋਚਿੰਗ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਖੇਤਰ ਵਿੱਚ ਪੜ੍ਹਾਈ ਤੋਂ ਇਲਾਵਾ ਦਾਸ ਐਂਡ ਬਰਾਊਨ ਵਰਲਡ ਸਕੂਲ ਵਿਸ਼ਵ ਪੱਧਰੀ ਅਤੇ ਆਧੁਨਿਕ ਤਕਨੀਕ ਰਾਹੀਂ ਖੇਡਾਂ ਵਿੱਚ ਵੀ ਵਧੀਆ ਖਿਡਾਰੀ ਤਿਆਰ ਕਰ ਰਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਮੂਨਕ ਏਰੀਆ ਦੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਲਈ ਮੈਡੀਕਲ ਕੈਂਪ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਆਰੰਭ। (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅਤਰੀ)

ਪਾਵਰਕਾਮ ਦੇ ਪੈਨਸ਼ਨਰਾਂ ਵੱਲੋਂ ਸਰਕਲ ਦਫਤਰ ਰੋਪੜ ਵਿਖੇ ਵਿਸ਼ਾਲ ਰੋਸ ਧਰਨਾ 18 ਨੂੰ

ਸਮਰਾਲਾ (ਸੁਰਜੀਤ ਸਿੰਘ)-ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਰਾਜ ਪਾਵਰਕਾਮ ਰੋਪੜ ਸਰਕਲ ਦੀ ਮੀਟਿੰਗ ਪ੍ਰਧਾਨ ਸਿਕੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਅਨੰਦਪੁਰ ਸਾਹਿਬ, ਰੋਪੜ, ਮੋਰਿੰਡਾ ਅਤੇ ਸਮਰਾਲਾ ਡਵੀਜ਼ਨ ਦੇ ਲਗਭਗ ਦੋ ਦਰਜਨ ਸਾਥੀਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਸਰਬਸੰਮਤੀ ਨਾਲ ਸਰਕਾਰ ਵੱਲੋਂ ਲਾਏ 200 ਰੁਪਏ ਪ੍ਰਤੀ ਮਹੀਨਾ ਡਿਵੈਲਪਮੈਂਟ ਫੰਡ ਵਜੋਂ ਕੀਤੀ ਜਾਂਦੀ ਕਟੌਤੀ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਸਰਕਾਰ ਪਾਸੋਂ ਇਹ ਫੰਡ ਦੀ ਕਟੌਤੀ ਰੱਦ ਕਰਵਾਉਣ, ਡੀ. ਏ. ਦਾ 8 ਪ੍ਰਤੀਸ਼ਤ ਨਵਾਂ ਲਾਗੂ ਕਰਨ ਦੀ, ਪਿਛਲਾ 01-01-16 ਤੋਂ ਲੈ ਕੇ ਹੁਣ ਤੱਕ ਦਾ ਬਕਾਇਆ ਲਾਗੂ ਕਰਨ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ 31-12-2015 ਤੱਕ ਰਿਟਾਇਰੀ ਸਾਥੀਆਂ ਨੂੰ 2.59 ਪ੍ਰਤੀਸ਼ਤ ਵਾਧਾ ਕਰਕੇ ਅਤੇ ਰਹਿੰਦੇ ਸਾਥੀਆਂ ਦਾ 23 ਸਾਲਾ ਬਿਨਾਂ ਸ਼ਰਤ ਲਾਗੂ ਕੀਤਾ ਜਾਵੇ। ਮੈਡੀਕਲ ਕੈਸ਼ਲੈਸ ਸਕੀਮ ਲਾਗੂ ਕਰਨ ਅਤੇ ਰਿਟਾਇਰੀ ਕਾਮਿਆਂ ਨੂੰ ਬਿਜਲੀ ਦੀ ਰਿਆਇਤ ਲਾਗੂ ਕੀਤੀ ਜਾਵੇ। ਉਕਤ ਮੰਗਾਂ ਸੰਬੰਧੀ ਸਰਕਾਰ ਤੇ ਦਬਾਓ ਪਾਉਣ ਲਈ 18 ਅਗਸਤ ਨੂੰ ਸਰਕਲ ਦਫਤਰ ਰੋਪੜ ਵਿਖੇ ਵਿਸ਼ਾਲ ਰੋਸ ਧਰਨਾ ਅਤੇ ਮੁਜ਼ਾਹਰਾ ਕੀਤਾ ਜਾਵੇਗਾ। ਮੁਲਾਜ਼ਮ ਆਗੂਆਂ ਨੇ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਕਰਮਚਾਰੀਆਂ ਤੇ ਪੈਨਸ਼ਨਰਾਂ ਦੇ ਮਸਲੇ ਜਲਦੀ ਹੱਲ ਨਾ ਕੀਤੇ ਗਏ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਸਾਰੀ ਸਰਕਾਰ/ਮੈਨੇਜਮੈਂਟ ਦੀ ਹੋਵੇਗੀ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਕ੍ਰਿਸ਼ਨ ਸਿੰਘ ਡੋਗਰਾ, ਹਰਜਿੰਦਰ ਸਿੰਘ, ਹਰਬੰਸ ਸਿੰਘ, ਹਰਭਜਨ ਸਿੰਘ, ਅਵਤਾਰ ਸਿੰਘ, ਭਾਗ ਸਿੰਘ, ਪ੍ਰੇਮ ਸ਼ਰਮਾ, ਅਵਤਾਰ ਸਿੰਘ ਸਰਾਂ, ਰਕੇਸ਼ ਬਾਲੀ, ਜਗੀਰ ਸਿੰਘ, ਭੁਪਿੰਦਰਪਾਲ ਸਿੰਘ, ਅਜੈਬ ਸਿੰਘ, ਹਿੰਮਤ ਸਿੰਘ ਆਦਿ ਸਾਥੀ ਸ਼ਾਮਲ ਹੋਏ।

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਹਰੀਕੇ ਹੈੱਡ 'ਤੇ ਲਗਾਇਆ ਧਰਨਾ

ਹਰੀਕੇ ਹੈੱਡ ਵਿਖੇ ਧਰਨਾ ਦਿੰਦੇ ਹੋਏ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਕਿਸਾਨ।

ਮੱਖੂ (ਰਛਪਾਲ ਸਿੰਘ ਸੰਧੂ)

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡਾਂ ਦੇ ਕਿਸਾਨਾਂ ਮਜ਼ਦੂਰਾਂ ਨੇ ਇਕੱਠੇ ਹੋ ਕੇ ਨਹਿਰੀ ਵਿਭਾਗ ਹਰੀਕੇ ਹੈੱਡ ਦੇ ਦਫਤਰ ਅੱਗੇ ਲਗਾਇਆ ਧਰਨਾ। ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਜਰਨਲ ਸਕੱਤਰ ਰਾਣਾ ਰਣਬੀਰ ਸਿੰਘ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਜ਼ਿਲ੍ਹਾ ਸਕੱਤਰ ਗੁਰਮੇਲ ਸਿੰਘ ਫੱਤੇਵਾਲਾ ਨੇ ਕਿਹਾ ਕਿ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ, ਜਿਸ ਨਾਲ ਜਿੱਥੇ ਪੰਜਾਬ ਵਿੱਚ ਉਥੇ ਹੀ ਜ਼ਿਲ੍ਹਾ ਫਿਰੋਜ਼ਪੁਰ ਦੇ ਹਰੀਕੇ ਹੈੱਡ ਵਰਕਸ ਤੋਂ ਲੈ ਕੇ ਧੁਸੀ ਬੰਨ੍ਹ ਦੇ ਅੰਦਰ ਵੱਸਦੇ ਪਿੰਡਾਂ ਵਿੱਚ ਵੀ ਵੱਡੇ ਪੱਧਰ 'ਤੇ ਤਬਾਹੀ ਹੋਈ ਹੈ, ਜਿਸ ਨਾਲ ਫਸਲਾਂ ਮਕਾਨ ਸੜਕਾਂ ਮਾਲ ਆਦਿ ਦਾ ਵੱਡਾ ਨੁਕਸਾਨ ਹੋਇਆ ਹੈ। ਅਜੇ ਹਾਲਾਤ ਨਾਰਮਲ ਹੋ ਰਹੇ ਸੀ, ਘਰਾਂ ਤੋਂ ਪਾਸੇ ਗਏ ਲੋਕ ਦੁਬਾਰਾ ਆਪਣੇ ਘਰਾਂ ਨੂੰ ਪਰਤ ਹੀ ਰਹੇ ਸਨ, ਪਰ ਰਾਤ ਤੋਂ ਫਿਰ ਦੁਬਾਰਾ ਹਰੀਕੇ ਹੈੱਡ ਤੋਂ ਪਾਣੀ ਛੱਡਿਆ ਗਿਆ ਤੇ ਲੋਕਾਂ ਦੇ ਘਰਾਂ ਵਿੱਚ ਪਾਣੀ ਵੜਨਾ ਸ਼ੁਰੂ ਹੋ ਗਿਆ ਹੈ। ਹੜ੍ਹ ਪੀੜਤਾਂ ਨੇ ਕਈ ਵਾਰ ਰਾਵਤਾ ਕਰਕੇ ਨਹਿਰਾਂ ਵਿੱਚ ਪਾਣੀ ਛੱਡਣ ਲਈ ਕਿਹਾ, ਪਰ ਨਹੀਂ ਛੱਡਿਆ ਗਿਆ। ਅੱਜ ਮਜਬੂਰਨ ਜਥੇਬੰਦੀ ਨੇ ਹਰੀਕੇ ਹੈੱਡ 'ਤੇ ਧਰਨਾ ਸ਼ੁਰੂ ਕੀਤਾ ਹੈ। ਪਾਣੀ ਕੰਟਰੋਲ ਕਰਕੇ ਨਹਿਰਾਂ ਵਿੱਚ ਛੱਡਿਆ ਜਾਵੇ ਤਾਂ ਜੋ ਹੈੱਡ ਤੋਂ ਲਹਿੰਦੇ ਪਾਸੇ ਵਾਲੇ ਪਿੰਡ ਫੇਰ ਦ

23-July-PAGE-3-Majha-23.qxd 7/22/2023 10:18 PM Page 1

ਕੈਬਿਨਟ ਮੰਤਰੀ ਕੁਲਦੀਪ ਧਾਲੀਵਾਲ ਤੇ ਡਿਪਟੀ ਕਮਿਸ਼ਨਰ ਵੱਲੋਂ ਡੇਰਾ ਬਾਬਾ ਨਾਨਕ ਇਲਾਕੇ ਦਾ ਦੌਰਾ

ਡੇਰਾ ਬਾਬਾ ਨਾਨਕ 21 ਜੁਲਾਈ (ਰਮੇਸ਼ ਸ਼ਰਮਾ)-ਸੂਬੇ ਦੇ ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਡੇਰਾ ਬਾਬਾ ਨਾਨਕ ਅਤੇ ਹੋਰ ਨੇੜਲੇ ਇਲਾਕੇ ਦਾ ਦੌਰਾ ਕਰਕੇ ਰਾਵੀ ਦਰਿਆ ਦੇ ਪਾਣੀ ਤੋਂ ਪ੍ਰਭਾਵਤ ਖੇਤਰ ਦਾ ਜਾਇਜ਼ਾ ਲਿਆ ਗਿਆ। ਕੈਬਿਨਟ ਮੰਤਰੀ ਧਾਲੀਵਾਲ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਰਾਵੀ ਦਰਿਆ ਤੋਂ ਪਾਰ ਘਣੀਏ ਕੇ ਬੇਟ ਇਲਾਕੇ ਵਿੱਚ ਪਹੁੰਚ ਕੇ ਓਥੇ ਚੱਲ ਰਹੇ ਰਾਹਤ ਕਾਰਜਾਂ ਦਾ ਜਾਇਜ਼ਾ ਵੀ ਲਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੈਬਿਨਟ ਮੰਤਰੀ ਨੇ ਕਿਹਾ ਕਿ ਰਾਵੀ ਦਰਿਆ ਵਿਚ ਪਾਣੀ ਦਾ ਪੱਧਰ ਘਟ ਕੇ ਇੱਕ ਤੋਂ ਸਵਾ ਲੱਖ ਕਿਊਸਿਕ ਦੇ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਵੱਡਾ ਖ਼ਤਰਾ ਟਲ ਗਿਆ ਹੈ ਪਰ ਇਸਦੇ ਬਾਵਜੂਦ ਵੀ ਚੌਕਸ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬਰਸਾਤਾਂ ਦਾ ਸੀਜ਼ਨ ਹੋਣ ਕਾਰਨ ਪਹਾੜੀ ਖੇਤਰ ਵਿੱਚ ਹੁੰਦੀਆਂ ਬਾਰਸ਼ਾਂ ਕਾਰਨ ਦੁਬਾਰਾ ਵੀ ਪਾਣੀ ਆ ਸਕਦਾ ਹੈ, ਇਸ ਲਈ ਪੰਜਾਬ ਸਰਕਾਰ ਉਸ ਸਥਿਤੀ ਨੂੰ ਸਾਹਮਣੇ ਰੱਖ ਕੇ ਆਪਣੀਆਂ ਤਿਆਰੀਆਂ ਕਰ ਰਹੀ ਹੈ। ਸ. ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੀਆਂ ਟੀਮਾਂ ਨੇ ਰਾਵੀ ਦਰਿਆ ਦੇ ਵਧੇ ਪਾਣੀ ਤੋਂ ਆਸ-ਪਾਸ ਦੇ ਲੋਕਾਂ ਨੂੰ ਬਚਾਉਣ ਲਈ ਬਹੁਤ ਵਧੀਆ ਕੰਮ ਕੀਤਾ ਹੈ ਅਤੇ ਹੁਣ ਵੀ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਰਾਵੀ ਦਰਿਆ ਤੋਂ ਪਾਰ ਦੇ ਇਲਾਕੇ ਵਿੱਚ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਆਫ਼ਤ ਨਾਲ ਨਜਿੱਠਣ ਲਈ ਆਮ ਲੋਕਾਂ ਨੇ ਵੀ ਬਹੁਤ ਸਹਿਯੋਗ ਦਿੱਤਾ ਹੈ ਜਿਸ ਲਈ ਉਹ ਉਨ੍ਹਾਂ ਦੇ ਧੰਨਵਾਦੀ ਹਨ। ਸ. ਧਾਲੀਵਾਲ ਨੇ ਕਿਹਾ ਕਿ ਹੜ੍ਹਾਂ ਦਾ ਪ੍ਰਕੋਪ ਖਤਮ ਹੋਣ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਸਰਵੇ ਕਰਵਾ ਕੇ ਲੋਕਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਖੁਦ ਹੜ੍ਹਾਂ ਤੋਂ ਬਚਾਅ ਲਈ ਕੀਤੇ ਜਾ ਰਹੇ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ ਅਤੇ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਹਰ ਕਿਸੇ ਦੀ ਬਾਂਹ ਫੜੇਗੀ। ਇਸ ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਪਿਛਲੇ ਦੋ ਦਿਨਾਂ ਦੇ ਮੁਕਾਬਲੇ ਅੱਜ ਰਾਵੀ ਦੇ ਪਾਣੀ ਦਾ ਪੱਧਰ ਘੱਟ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਦੇ ਰਸਤੇ ਵਿੱਚ ਵੀ ਜੋ ਪਾਣੀ ਆਇਆ ਸੀ ਉਹ ਵੀ ਪਿੱਛੇ ਹਟ ਗਿਆ ਹੈ। ਉਨ੍ਹਾਂ ਕਿਹਾ ਕਿ ਪਾਣੀ ਕਾਰਨ ਕੋਰੀਡੋਰ ਦੇ ਰਸਤੇ ਨੂੰ ਥੋੜ੍ਹਾ ਨੁਕਸਾਨ ਪਹੁੰਚਿਆ ਹੈ ਜਿਸ ਨੂੰ ਠੀਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੱਲ ਵਾਹਨ ਆਦਿ ਲੰਘਾ ਕੇ ਉਸ ਰਸਤੇ ਦੀ ਜਾਂਚ ਕੀਤੀ ਜਾਵੇਗੀ ਅਤੇ ਜੇਕਰ ਸਾਰੀ ਸਥਿਤੀ ਠੀਕ ਪਾਈ ਗਈ ਤਾਂ ਐਤਵਾਰ 23 ਜੁਲਾਈ ਤੋਂ ਦੁਬਾਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ ਸ਼ੁਰੂ ਕਰ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਬਰਸਾਤੀ ਮੌਸਮ ਹੋਣ ਕਾਰਨ ਦੁਬਾਰਾ ਪਾਣੀ ਆਉਣ ਦੀ ਸੰਭਾਵਨਾ ਤੋਂ ਇਨਕਾਰ ਤਾਂ ਨਹੀਂ ਕੀਤਾ ਜਾ ਸਕਦਾ ਪਰ ਜ਼ਿਲ੍ਹਾ ਪ੍ਰਸ਼ਾਸਨ ਅਜਿਹੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰਾਂ ਤਿਆਰ ਹੈ।

ਉਨ੍ਹਾਂ ਕਿਹਾ ਕਿ ਰਾਹਤ ਟੀਮਾਂ ਪਰਸੋਂ ਤੋਂ ਹੀ ਇਸ ਇਲਾਕੇ ਵਿੱਚ ਕੰਮ ਕਰ ਰਹੀਆਂ ਹਨ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਦਰਿਆਵਾਂ ਦੇ ਨੇੜੇ ਨਾ ਜਾਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਕਿਸੇ ਤਰਾਂ ਦੀ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਦਰਿਆਵਾਂ ਨੇੜੇ ਰਹਿੰਦੇ ਲੋਕ ਚੌਕਸ ਰਹਿਣ ਅਤੇ ਜਦੋਂ ਵੀ ਕਿਸੇ ਨੂੰ ਲੋੜ ਮਹਿਸੂਸ ਹੋਵੇ ਉਹ ਫਲੱਡ ਕੰਟਰੋਲ ਰੂਮ ਦੇ ਨੰਬਰ 01874-266376 ਜਾਂ ਟੋਲ ਫਰੀ ਨੰਬਰ 1800-180-1852 'ਤੇ ਸੰਪਰਕ ਕਰ ਸਕਦੇ ਹਨ।

ਮਣੀਪੁਰ ਦੀ ਸ਼ਰਮਨਾਕ ਘਟਨਾ ਦੇਸ਼ ਦੇ ਮੱਥੇ 'ਤੇ ਕਲੰਕ : ਫੈਡ: ਏਟਕ

ਤਰਨ ਤਾਰਨ (ਨਜ਼ਸ)-ਬਿਜਲੀ ਕਾਮਿਆਂ ਦੀ ਜਥੇਬੰਦੀ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੀ ਸੂਬਾ ਕਮੇਟੀ ਨੇ ਮਣੀਪੁਰ ਸੂਬੇ ਵਿੱਚ ਔਰਤਾਂ ਨੂੰ ਗੁੰਡਿਆਂ/ਬਦਮਾਸ਼ਾਂ ਵੱਲੋਂ ਸਰਕਾਰੀ ਸਰਪ੍ਰਸਤੀ ਹੇਠ ਨਗਨ ਅਵਸਥਾ ਵਿੱਚ ਸ਼ਰੇਆਮ ਘੁਮਾਉਣ, ਸਮੂਹਿਕ ਬਲਾਤਕਾਰ ਕਰਨ ਦੀ ਸ਼ਰਮਨਾਕ ਘਟਨਾ ਨੂੰ ਦੇਸ਼ ਦੇ ਮੱਥੇ 'ਤੇ ਕਲੰਕ ਕਰਾਰ ਦਿੱਤਾ ਹੈ। ਇਸ ਅਣਮਨੁੱਖੀ ਕਾਰੇ ਸਬੰਧੀ ਸਾਂਝੇ ਪ੍ਰੈੱਸ ਬਿਆਨ ਰਾਹੀਂ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਜਨਰਲ ਸਕੱਤਰ ਸਰਿੰਦਰਪਾਲ ਸਿੰਘ ਲਾਹੌਰੀਆ ਨੇ ਕਿਹਾ ਕਿ ਦਿਲ ਨੂੰ ਕੰਬਾ ਦੇਣ ਵਾਲੀ ਘਟਨਾ ਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਮਣੀਪੁਰ ਦੇ ਮੁੱਖ ਮੰਤਰੀ ਨੂੰ ਤੁਰੰਤ ਅਸਤੀਫਾ ਦੇ ਕੇ ਸੱਤਾ ਤੋਂ ਪਾਸੇ ਹ�ो ਜਾਣਾ ਚਾਹੀਦਾ। ਗੰਡੀਵਿੰਡ ਨੇ ਕਿਹਾ ਕਿ ਇਸ ਘਿਨਾਉਣੇ ਅਤੇ ਨਿਰਦਈ ਕਾਰੇ ਦਾ ਗੰਭੀਰ ਨੋਟਿਸ ਲੈਂਦੇ ਹੋਏ ਜਥੇਬੰਦੀ ਦੀ ਸੂਬਾ ਕਮੇਟੀ ਨੇ ਵਰਚੁਅਲ ਮੀਟਿੰਗ ਕੀਤੀ ਜਿਸ ਵਿੱਚ ਸੂਬਾ ਕਮੇਟੀ ਅਹੁਦੇਦਾਰਾਂ ਬਲਜੀਤ ਕੁਮਾਰ, ਗੁਰਵਿੰਦਰ ਸਿੰਘ, ਪ੍ਰਦੁਮਣ ਗੌਤਮ, ਬਲਵਿੰਦਰ ਸਿੰਘ ਉਦੀਪੁਰ, ਰਛਪਾਲ ਸਿੰਘ ਪਾਲੀ, ਕਰਤਾਰ ਸਿੰਘ ਲਲਤੋਂ, ਦਰਸ਼ਨ ਲਾਲ, ਗੁਰਧਿਆਨ ਸਿੰਘ, ਦਵਿੰਦਰ ਸਿੰਘ ਰੋਪੜ, ਮਨਜੀਤ ਸਿੰਘ ਬਾਸਰਕੇ, ਬਲਜਿੰਦਰ ਕੌਰ ਡਿਆਲ ਸਮੇਤ ਕੁੱਲ ਹਿੰਦ ਬਿਜਲੀ ਫੈਡਰੇਸ਼ਨ (ਐਫ ਈ) ਦੇ ਆਗੂਆਂ ਹਰਭਜਨ ਸਿੰਘ ਪਿਲਖਣੀ, ਨਰਿੰਦਰ ਸੈਣੀ, ਜਸਬੀਰ ਸਿੰਘ ਅਤੇ ਜਗਦੀਸ਼ ਕੁਮਾਰ ਨੇ ਹਿੱਸਾ ਲਿਆ ਅਤੇ ਆਪਣੇ ਵਿਚਾਰ ਪੇਸ਼ ਕਰਦਿਆਂ ਸ਼ਰਮਨਾਕ ਘਟਨਾ ਦੀ ਜ਼ੋਰਦਾਰ ਨਿੰਦਾ ਕਰਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਅੰਮਿਤ ਸ਼ਾਹ ਕੋਲੋਂ ਇਸ ਮੰਦਭਾਗੀ ਘਟਨਾ ਦੀ ਤੁਰੰਤ ਨਿਰਪੱਖ ਪੜਤਾਲ ਕਰਵਾ ਕੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣ ਦੀ ਮੰਗ ਕੀਤੀ। ਜਥੇਬੰਦੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਮਣੀਪੁਰ ਰਾਜ ਵਿੱਚ ਪਿਛਲੇ ਢਾਈ ਮਹੀਨਿਆਂ ਤੋਂ ਮੈਤੇਈ ਅਤੇ ਕੁੱਕੀ ਭਾਈਚਾਰਿਆਂ ਵਿੱਚ ਵਧ ਰਹੇ ਟਕਰਾਅ ਦੇ ਮੱਦੇਨਜ਼ਰ ਬਣਦੀ ਦਖਲਅੰਦਾਜ਼ੀ ਦੇ ਕੇ ਹਾਲਾਤ ਸੁਖਾਵੇਂ ਬਣਾਉਣ ਲਈ ਸਾਰਥਕ ਕਦਮ ਚੁੱਕੇ ਜਾਣ ।

ਮਣੀਪੁਰ ਫ਼ਿਰਕੂ ਹਿੰਸਾ ਲਈ ਭਾਜਪਾ ਤੇ ਸੰਘ ਦੀ ਫ਼ਿਰਕੂ ਤੇ ਔਰਤ ਵਿਰੋਧੀ ਰਾਜਨੀਤੀ ਜ਼ਿੰਮੇਵਾਰ : ਤਰਕਸ਼ੀਲ ਸੁਸਾਇਟੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਨੇ ਮਣੀਪੁਰ ਵਿਚ ਦੋ ਕੁੱਕੀ ਫਿਰਕੇ ਦੀਆਂ ਆਦਿਵਾਸੀ ਔਰਤਾਂ ਨੂੰ ਮਣੀਪੁਰ ਪੁਲੀਸ ਦੀ ਹਾਜਰੀ ਵਿੱਚ ਸ਼ਰੇਆਮ ਨਿਰਵਸਤਰ ਕਰਨ ਅਤੇ ਉਨ੍ਹਾਂ ਵਿੱਚੋਂ ਇੱਕ ਨਾਲ ਸਮੂਹਿਕ ਬਲਾਤਕਾਰ ਕਰਨ ਦੀ ਦਰਿੰਦਗੀ ਭਰੀ ਘਟਨਾ ਨੂੰ ਭਾਜਪਾ ਅਤੇ ਭਾਰਤੀ ਸਭਿਅਤਾ ਦੇ ਮੱਥੇ ਉਤੇ ਸ਼ਰਮਨਾਕ ਕਲੰਕ ਕਰਾਰ ਦਿੰਦਿਆਂ ਭਾਰਤ ਦੇ ਰਾਸ਼ਟਰਪਤੀ ਤੋਂ ਭਾਜਪਾ ਦੀ ਮਣੀਪੁਰ ਸਰਕਾਰ ਨੂੰ ਤੁਰੰਤ ਬਰਖ਼ਾਸਤ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ ਅਤੇ ਹਕੂਮਤੀ ਸਰਪ੍ਰਸਤੀ ਹੇਠ ਜਬਰ ਕਰਨ ਲਈ ਜ਼ਿੰਮੇਵਾਰ ਫ਼ਿਰਕੂ ਅਨਸਰਾਂ ਅਤੇ ਦੋਸ਼ੀ ਪੁਲਸ ਅਧਿਕਾਰੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ। ਇਸ ਸਬੰਧੀ ਤਰਕਸ਼ੀਲ਼ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਰਾਜਪਾਲ ਸਿੰਘ, ਬਲਬੀਰ ਲੌਂਗੋਵਾਲ, ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਸਿੰਘ ਨੇ ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ 4 ਮਈ ਨੂੰ ਮਨੀਪੁਰ ਪੁਲਸ ਦੀ ਹਾਜ਼ਰੀ ਵਿੱਚ ਔਰਤਾਂ ਨੂੰ ਅਗਵਾ ਕਰਕੇ ਨਿਰਵਸਤਰ ਕਰਨ ਅਤੇ ਸਮੂਹਿਕ ਬਲਾਤਕਾਰ ਦੀ ਘਟਨਾ ਦੇ ਦੋ ਹਫ਼ਤੇ ਬਾਅਦ 18 ਮਈ ਨੂੰ ਅਣਪਛਾਤਿਆਂ ਖਿਲਾਫ ਪੁਲਸ ਰਿਪੋਰਟ ਦਰਜ ਕਰਨੀ ਅਤੇ ਵੀਡੀਓ ਵਾਇਰਲ ਹੋਣ ਅਤੇ ਸੁਪਰੀਮ ਕੋਰਟ ਵਲੋਂ ਕੇਂਦਰ ਅਤੇ ਮਣੀਪੁਰ ਸਰਕਾਰਾਂ ਨੂੰ ਸਖ਼ਤ ਕਾਰਵਾਈ ਕਰਨ ਦਾ ਅਲਟੀਮੇਟਮ ਦੇਣ ਦੇ ਬਾਅਦ ਹੀ ਮਣੀਪੁਰ ਪੁਲਸ ਵਲੋਂ ਤੁਰੰਤ ਕੁਝ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਮਣੀਪੁਰ ਵਿੱਚ ਵੱਡੇ ਪੱਧਰ ਤੇ ਫ਼ਿਰਕੂ ਹਿੰਸਾ, ਕਤਲ,ਬਲਾਤਕਾਰ ਅਤੇ ਗਿਰਜਾ ਘਰਾਂ ਦੀ ਸਾੜ ਫੂਕ ਦੀਆਂ ਘਟਨਾਵਾਂ ਪਿੱਛੇ ਭਾਜਪਾ, ਸੰਘ, ਮਨੀਪੁਰ ਪੁਲਸ ਅਤੇ ਦੋਵਾਂ ਸਰਕਾਰਾਂ ਦੀ ਯੋਜਨਾਬੱਧ ਸਾਜਿਸ਼ ਅਤੇ ਹਕੂਮਤੀ ਸਰਪ੍ਰਸਤੀ ਸ਼ਾਮਿਲ ਸੀ।

ਉਨ੍ਹਾਂ ਕੇਂਦਰ ਅਤੇ ਮਣੀਪੁਰ ਸਰਕਾਰਾਂ ਉਤੇ ਦੋਸ਼ ਲਾਇਆ ਕਿ ਭਾਜਪਾ-ਸੰਘ ਦੀ ਫ਼ਿਰਕੂ ਰਾਜਨੀਤੀ ਦੇ ਨਤੀਜੇ ਵਜੋਂ ਪਿਛਲੇ ਤਿੰਨ ਮਹੀਨੇ ਤੋਂ ਮਣੀਪੁਰ ਦੇ ਮੈਤਈ ਅਤੇ ਕੁੱਕੀ ਫਿਰਕਿਆਂ ਦਰਮਿਆਨ ਫ਼ਿਰਕੂ ਦੰਗੇ ਫ਼ਸਾਦਾਂ ਵਿਚ ਹੁਣ ਤਕ 150 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਸੈਂਕੜੇ ਗਿਰਜਾ ਘਰ ਸਾੜੇ ਗਏ ਹਨ ਪਰ ਡਬਲ ਇੰਜਣ ਦੀਆਂ ਸਰਕਾਰਾਂ ਨੇ ਫ਼ਿਰਕੂ ਹਿੰਸਾ ਉਤੇ ਸਖ਼ਤੀ ਨਾਲ ਕਾਬੂ ਪਾਉਣ ਦੀ ਸੰਵਿਧਾਨਿਕ ਜ਼ਿੰਮੇਵਾਰੀ ਨਹੀਂ ਨਿਭਾਈ। ਇਸ ਮੌਕੇ ਸੂਬਾ ਕਮੇਟੀ ਆਗੂਆਂ ਰਾਜੇਸ਼ ਅਕਲੀਆ, ਜੋਗਿੰਦਰ ਕੁੱਲੇਵਾਲ, ਜਸਵੰਤ ਮੋਹਾਲੀ, ਜਸਵਿੰਦਰ ਫਗਵਾੜਾ, ਅਜੀਤ ਪ੍ਰਦੇਸੀ, ਗੁਰਪ੍ਰੀਤ ਸ਼ਹਿਣਾ ਅਤੇ ਸੰਦੀਪ ਧਾਰੀਵਾਲ ਭੋਜਾਂ ਨੇ ਮਨੀਪੁਰ ਹਿੰਸਾ 'ਤੇ ਢਾਈ ਮਹੀਨੇ ਤਕ ਧਾਰੀ ਸਾਜਿਸ਼ੀ ਚੁੱਪ ਲਈ ਪ੍ਰਧਾਨ ਮੰਤਰੀ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਮਨੀਪੁਰ ਦਾ ਦੌਰਾ ਕਰਨ ਅਤੇ ਠੋਸ ਕਾਰਵਾਈ ਕਰਨ ਦੀ ਥਾਂ ਵਿਦੇਸ਼ੀ ਦੌਰਿਆਂ ਨੂੰ ਤਰਜੀਹ ਦਿੱਤੀ ਅਤੇ 2002 ਦੇ ਮੁਸਲਿਮ ਵਿਰੋਧੀ ਗੁਜਰਾਤ ਕਤਲੇਆਮ ਵਾਂਗ ਮਣੀਪੁਰ ਵਿਚ ਕੁੱਕੀ-ਇਸਾਈ ਫਿਰਕੇ ਨੂੰ ਹਜੂਮੀ ਫ਼ਿਰਕੂ ਹਿੰਸਾ ਦਾ ਨਿਸ਼ਾਨਾ ਬਣਨ ਦਿੱਤਾ ਗਿਆ।

ਤਰਕਸ਼ੀਲ ਆਗੂਆਂ ਨੇ ਕੌਮੀ ਮਹਿਲਾ ਕਮਿਸ਼ਨ ਵਲੋਂ ਪੀੜਤ ਔਰਤਾਂ ਵਿਰੁੱਧ ਅਪਣਾਏ ਅਣਮਨੁੱਖੀ ਵਤੀਰੇ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਦੋ ਮਣੀਪੁਰੀ ਮਹਿਲਾਵਾਂ ਅਤੇ ਮਣੀਪੁਰੀ ਆਦਿਵਾਸੀ ਸੰਘ ਨੇ 12 ਜੂਨ ਨੂੰ ਇਸ ਸਮੂਹਿਕ ਬਲਾਤਕਾਰ ਕਾਂਡ ਸਬੰਧੀ ਕੌਮੀ ਮਹਿਲਾ ਕਮਿਸ਼ਨ ਨੂੰ ਲਿਖਤੀ ਸ਼ਿਕਾਇਤ ਭੇਜੀ ਸੀ ਪਰ ਚੇਅਰਪਰਸਨ ਰੇਖਾ ਸ਼ਰਮਾ ਵਲੋਂ ਮਣੀਪੁਰ ਪੁਲਸ ਦੇ ਅਧਿਕਾਰੀਆਂ ਖ਼ਿਲਾਫ਼ ਤੁਰੰਤ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।

ਤਰਕਸ਼ੀਲ ਸੁਸਾਇਟੀ ਨੇ ਰਾਸ਼ਟਰਪਤੀ ਤੋਂ ਮੰਗ ਕੀਤੀ ਹੈ ਕਿ ਮਣੀਪੁਰ ਦੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਉਨ੍ਹਾਂ ਪੰਜਾਬ ਸਮੇਤ ਦੇਸ਼ ਦੀਆਂ ਸਮੂਹ ਜਨਤਕ ਅਤੇ ਜਮਹੂਰੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਮੋਦੀ ਸਰਕਾਰ ਦੀ ਸਰਪ੍ਰਸਤੀ ਹੇਠ ਭਾਜਪਾ ਸੰਘ ਵਲੋਂ ਹਿੰਦੂ ਰਾਸ਼ਟਰ ਦੇ ਏਜੰਡੇ ਹੇਠ ਦੇਸ਼ ਵਿਚ ਫੈਲਾਈ ਜਾ ਰਹੀ ਯੋਜਨਾਬੱਧ ਫ਼ਿਰਕੂ ਹਿੰਸਾ ਦਾ ਇਕਜੁੱਟ ਹੋ ਕੇ ਡਟਵਾਂ ਵਿਰੋਧ ਕੀਤਾ ਜਾਵੇ।

ਵਿਧਾਇਕ ਨਿੱਜਰ ਵੱਲੋਂ ਬੀਬੀ ਕੌਲਾਂ ਭਲਾਈ ਕੇਂਦਰ ਨੂੰ 5 ਲੱਖ ਦਾ ਚੈੱਕ ਭੇਟ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸਰਕਾਰ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਸਿਹਤ ਦੇ ਖੇਤਰ ਵਿੱਚ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆਂ ਕਰਵਾਉਣ ਦੇ ਉਦੇਸ਼ ਨਾਲ ਸੂਬੇ ਭਰ ਵਿੱਚ 500 ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ।ਜਿਥੇ ਲੋਕਾਂ ਦਾ ਮੁਫ਼ਤ ਇਲਾਜ ਅਤੇ ਮੁਫ਼ਤ ਟੈਸਟ ਕੀਤੇ ਜਾਂਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਦੱਖਣੀ ਤੋਂ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੇ ਬੀਬੀ ਕੌਲਾਂ ਭਲਾਈ ਕੇਂਦਰ ਨੂੰ 5 ਲੱਖ ਰੁਪਏ ਦਾ ਚੈੱਕ ਐੱਮਆਰਆਈ ਅਤੇ ਸੀਟੀ ਸਕੈਨ ਮਸ਼ੀਨ ਖਰੀਦਣ ਲਈ ਦੇਣ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵਲੋਂ ਆਪਣੇ ਅਖਤਿਆਰੀ ਫੰਡ ਵਿਚੋਂ ਇਸ ਕੇਂਦਰ ਨੂੰ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਸੀ ਜਿਸ ਵਿਚੋਂ 5 ਲੱਖ ਰੁਪਏ ਦਾ ਚੈੱਕ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਡਾ. ਨਿੱਜਰ ਵਲੋਂ ਬੀਬੀ ਕੌਲਾਂ ਭਲਾਈ ਕੇਂਦਰ ਵਿਖੇ ਵਿਸ਼ੇਸ਼ ਕੀਰਤਨ ਸਮਾਗਮ ਵਿਚ ਹਾਜਰੀ ਵੀ ਭਰੀ ਗਈ ਅਤੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ। ਉਨ੍ਹਾਂ ਦੱਸਿਆ ਕਿ ਬੀਬੀ ਕੌਲਾਂ ਭਲਾਈ ਕੇਂਦਰ ਗਰੀਬ ਲੋਕਾਂ ਦੀ ਸਹਾਇਤਾ ਲਈ ਕੰਮ ਕਰਦਾ ਹੈ ਅਤੇ ਲੋਕਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਵੀ ਪ੍ਰਦਾਨ ਕਰਦਾ ਹੈ। ਉਨਾਂ

23-JULY-PAGE-4.qxd 7/22/2023 10:08 PM Page 1

ਮਾਮਲਾ ਗਰੀਬ ਪਰਿਵਾਰਾਂ 'ਤੇ ਪੁਲਿਸ ਅੱਤਿਆਚਾਰਾਂ ਦਾ !

ਕੌਮੀ ਕਮਿਸ਼ਨ ਦੇ ਆਦੇਸ਼ਾਂ ਨੂੰ ਲਾਗੂ ਨਾ ਕਰਨ ਖਿਲਾਫ ਰੋਸ ਮੁਜ਼ਾਹਰਾ

ਜਗਰਾਉਂ (ਨਛੱਤਰ ਸੰਧੂ) ਸਥਾਨਕ ਥਾਣਾ ਸਿਟੀ ਵਿੱਚ ਸੰਗੀਨ ਧਰਾਵਾਂ ਅਧੀਨ ਦਰਜ ਕੀਤੇ ਮੁਕੱਦਮੇ 'ਚ ਨਾਮਜ਼ਦ ਤੱਤਕਾਲੀ ਥਾਣਾ ਮੁਖੀ ਹੁਣ ਡੀ ਐੱਸ ਪੀ ਗੁਰਿੰਦਰ ਬੱਲ, ਐੱਸ ਆਈ ਰਾਜਵੀਰ ਤੇ ਹਰਜੀਤ ਸਰਪੰਚ ਦੀ ਗ੍ਰਿਫਤਾਰੀ ਕਰਨ ਅਤੇ ਪੀੜਤ ਪਰਿਵਾਰਾਂ ਨੂੰ ਪੀਓਏ ਐਕਟ-1989 ਦੇ ਸੋਧਿਤ ਰੂਲ 2016 ਅਨੁਸਾਰ ਮੁਆਵਜ਼ਾ ਦੇਣ ਸਬੰਧੀ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਵੱਲੋਂ ਜਾਰੀ ਆਦੇਸ਼ਾਂ ਨੂੰ ਪ੍ਰਸ਼ਾਸਨ ਵੱਲੋਂ ਲਾਗੂ ਨਾ ਕਰਨ ਦੇ ਰੋਸ ਵਿੱਚ ਵੱਖ-ਵੱਖ ਧਰਨਾਕਾਰੀ ਜਥੇਬੰਦੀਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ ਤੇ ਸਾਧੂ ਸਿੰਘ ਅੱਚਰਵਾਲ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਜਸਦੇਵ ਸਿੰਘ ਲਲਤੋਂ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਬੁਰਜਗਿੱਲ) ਦੇ ਉੱਪ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਮੋਰਕਰੀਮਾ ਤੇ ਹਰਚੰਦ ਸਿੰਘ ਢੋਲ਼ਣ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਨਿਰਮਲ ਸਿੰਘ ਧਾਲੀਵਾਲ ਤੇ ਬੂਟਾ ਸਿੰਘ ਹਾਂਸ ਕਲਾਂ, ਸਤਿਕਾਰ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਜਸਪ੍ਰੀਤ ਸਿੰਘ ਢੋਲ਼ਣ ਤੇ ਸਕੱਤਰ ਜਸਵਿੰਦਰ ਸਿੰਘ ਘੋਲੀਆ ਯੂਨਾਈਟਿਡ ਅਕਾਲੀ ਦਲ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ ਤੇ ਨਿਰਮਲ ਸਿੰਘ ਨਿੰਮਾ, ਏਟਕ ਆਗੂ ਜਗਦੀਸ਼ ਸਿੰਘ ਕੌਂਕੇ, ਜਥਰ ਵਿਰੋਧੀ ਤਾਲਮੇਲ ਕਮੇਟੀ ਦੇ ਆਗੂ ਗੁਰਦੇਵ ਸਿੰਘ ਮੁੱਲਾਂਪੁਰ ਨੇ ਸੈਂਕੜੇ ਕਿਸਾਨਾਂ-ਮਜ਼ਦੂਰਾਂ ਨੂੰ ਸੰਬੋਧਨ ਕੀਤਾ ਤੇ ਜ਼ਿਲ੍ਹਾ ਪੁਲਸ ਮੁਖੀ ਦੇ ਦਫਤਰ ਵੱਲ਼ ਰੋਸ-ਮੁਜ਼ਾਹਰਾ ਕਰਦੇ ਹੋਏ ਐੱਸ.ਪੀ. (ਹੈੱਡਕੁਆਰਟਰ) ਮਨਵਿੰਦਰਵੀਰ ਸਿੰਘ ਨੂੰ ਮੰਗ ਪੱਤਰ ਦਿੱਤਾ ਅਤੇ ਮੰਗ ਕੀਤੀ ਕਿ "ਕੌਮੀ ਕਮਿਸ਼ਨ ਦੇ ਆਦੇਸ਼ਾਂ ਮੁਤਾਬਕ ਦੋਵੇਂ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਤੇ ਇੱਕ ਜੀ ਨੂੰ ਨੌਕਰੀ ਦਿੱਤੀ ਜਾਵੇ। ਪ੍ਰੈੱਸ ਨੂੰ ਜਾਰੀ ਬਿਆਨ 'ਚ ਤਰਲੋਚਨ ਸਿੰਘ ਝੋਰੜਾਂ, ਗੁਰਦਿਆਲ ਸਿੰਘ ਤਲਵੰਡੀ, ਜਸਦੇਵ ਸਿੰਘ ਲਲਤੋਂ, ਨਿਰਮਲ ਸਿੰਘ ਧਾਲੀਵਾਲ ਬੂਟਾ ਸਿੰਘ ਤੇ ਦਰਸ਼ਨ ਸਿੰਘ ਧਾਲੀਵਾਲ ਨੇ ਕਿਹਾ ਮਾਂ-ਧੀ ਨੂੰ ਨਜਾਇਜ਼ ਹਿਰਾਸਤ ਰੱਖਣ, ਤਸੀਹੇ ਦੇਣ ਸਬੰਧੀ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਤੇ ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇਣ ਸਬੰਧੀ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਦੇ ਆਦੇਸ਼ਾਂ ਨੂੰ ਲਾਗੂ ਨਾ ਕਰਨਾ ਪ੍ਰਸ਼ਾਸਨ ਦੀ ਨਲਾਇਕੀ ਹੈ। ਇਸ ਸਮੇਂ ਗੁਰਚਰਨ ਸਿੰਘ ਰਸੂਲਪੁਰ, ਜੱਟੂ ਸਿੱਧਵਾਂ, ਸ਼ਿੰਦਾ, ਜਸਵੀਰ ਸਿੰਘ, ਪ੍ਰਧਾਨ ਸ਼ਿੰਦਾ ਸਿੱਧਵਾਂ, ਬਲਜੀਤ ਸਿੰਘ ਸਬੱਦੀ, ਹਰਚੰਦ ਸਿੰਘ ਢੋਲ਼ਣ, ਜਗਤਾਰ ਸਿੰਘ, ਸੁਖਵਿੰਦਰ ਮਡਿਆਣੀ, ਜਗਜੀਤ ਸਿੰਘ, ਭਰਭੂਰ ਛੱਜਾਵਾਲ, ਵਿਸ਼ਨੂ, ਜਗਦੀਸ਼, ਰੂਪ ਸਿੰਘ ਝੋਰੜਾਂ, ਜਿੰਦਰ ਮਾਣੂੰਕੇ ਤੇ ਇਕਬਾਲ ਸਿੰਘ ਰਸੂਲਪੁਰ ਆਦਿ ਹਾਜ਼ਰ ਸਨ।

ਸਰਕਾਰ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕਰੇਗੀ : ਰਾਏ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪੰਜਾਬ ਸਰਕਾਰ ਹੜ੍ਹਾਂ ਨਾਲ ਪੀੜ੍ਹਤ ਵਿਅਕਤੀਆਂ ਦੀ ਹਰ ਸੰਭਵ ਮਦਦ ਕਰੇਗੀ ਅਤੇ ਇਸ ਮੁਸ਼ਕਲ ਘੜੀ ਵਿੱਚ ਪੰਜਾਬੀਆਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਹ ਪ੍ਰਗਟਾਵਾ ਹਲਕਾ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਬੀਤੇ ਦਿਨੀਂ ਆਏ ਹੜ੍ਹਾਂ ਵਿੱਚ ਮਾਰੇ ਗਏ ਗੁੱਡੂ ਦੇ ਪਿਤਾ ਹਰੀ ਚੰਦਰ ਨੂੰ ਸਰਕਾਰ ਵੱਲੋਂ 4 ਲੱਖ ਰੁਪਏ ਦੀ ਮਾਲੀ ਸਹਾਇਤਾ ਦਾ ਮਨਜੂਰੀ ਪੱਤਰ ਸੌਂਪਣ ਮੌਕੇ ਗੱਲਬਾਤ ਕਰਦਿਆਂ ਕੀਤਾ। ਸਹਾਇਤਾ ਰਾਸ਼ੀ ਪੀੜ੍ਹਤ ਪਰਵਾਰ ਦੇ ਖਾਤੇ 'ਚ ਪਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਦਾ ਜਿਥੇ ਆਰਥਿਕ ਨੁਕਸਾਨ ਹੋਇਆ ਹੈ ਉਥੇ ਹੀ ਜ਼ਿਲ੍ਹੇ ਵਿੱਚ ਗੁੱਡੂ ਦੀ ਰੁੜ ਜਾਣ ਕਾਰਨ ਮੌਤ ਹੋ ਗਈ ਸੀ ਜਿਸ ਦੇ ਪਰਵਾਰ ਨੂੰ ਸਰਕਾਰ ਵੱਲੋਂ ਇਹ ਸਹਾਇਤਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਮ੍ਰਿਤਕ ਦੀ ਘਾਟ ਨੂੰ ਪੂਰਿਆ ਨਹੀਂ ਜਾ ਸਕਦਾ ਪ੍ਰੰਤੂ ਫਿਰ ਵੀ ਪਰਵਾਰ ਦੀ ਆਰਥਿਕ ਮਦਦ ਕਰਕੇ ਸਰਕਾਰ ਨੇ ਆਪਣਾ ਫਰਜ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਵਿਧਾਇਕ ਰਾਏ ਨੇ ਕਿਹਾ ਕਿ ਸਰਕਾਰ ਵੱਲੋਂ ਹੜ੍ਹਾਂ ਵਿੱਚ ਹੋਏ ਨੁਕਸਾਨ ਦਾ ਬਣਦਾ ਮੁਆਵਜਾ ਦਿੱਤਾ ਜਾਵੇਗਾ ਅਤੇ ਹੜ੍ਹਾਂ ਕਾਰਨ ਜਿਹੜੇ ਪਰਵਾਰਾਂ ਦੇ ਕੱਚੇ ਜਾਂ ਪੱਕੇ ਮਕਾਨ ਢਹਿ ਗਏ ਹਨ ਉਨ੍ਹਾਂ ਦੇ ਨੁਕਸਾਨ ਦਾ ਜਾਇਜ਼ਾ ਲਗਾ ਕੇ ਬਣਦੀ ਮਦਦ ਕੀਤੀ ਜਾਵੇਗੀ। ਇਸ ਮੌਕੇ ਐਸ ਡੀ ਐਮ ਹਰਪ੍ਰੀਤ ਸਿੰਘ ਅਟਵਾਲ, ਕਾਰਜ ਸਾਧਕ ਅਫਸਰ ਨਗਰ ਕੌਂਸਲ ਸਰਹਿੰਦ ਸੰਗੀਤ ਆਹਲੂਵਾਲੀਆ, ਬੀ.ਡੀ.ਪੀ.ਓ. ਰਮੇਸ਼ ਕੁਮਾਰ, ਸਾਬਕਾ ਸਰਪੰਚ ਅਮਰੀਕ ਸਿੰਘ ਤੇ ਕੌਂਸਲਰ ਪ੍ਰਿਤਪਾਲ ਸਿੰਘ ਜੱਸੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

ਪੀ ਟੀ ਏ ਫੰਡ ਦੀ ਵਸੂਲੀ ਖਿਲਾਫ ਆਇਸਾ ਵੱਲੋਂ ਰੋਸ ਧਰਨਾ

ਮਾਨਸਾ (ਆਤਮਾ ਸਿੰਘ ਪਮਾਰ)-ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਪੰਜਾਬ ਦੀ ਅਗਵਾਈ ਵਿੱਚ ਕਾਲਜ ਪ੍ਰਸ਼ਾਸਨ ਦੇ ਖਿਲਾਫ ਧਰਨਾ ਦਿੱਤਾ ਗਿਆ। ਇਹ ਧਰਨਾ ਕਾਲਜ ਪ੍ਰਸ਼ਾਸਨ ਵੱਲੋਂ ਐੱਸ ਸੀ ਵਿਦਿਆਰਥੀਆਂ ਤੋਂ ਮੋਟਾ ਪੀ.ਟੀ.ਏ. ਫੰਡ ਵਸੂਲਣ ਦੇ ਖਿਲਾਫ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਪੰਜਾਬ ਦੇ ਸੂਬਾ ਪ੍ਰਧਾਨ ਪ੍ਰਦੀਪ ਗੁਰੂ ਤੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਨੰਦਗੜ੍ਹ ਨੇ ਕਿਹਾ ਕਿ ਐੱਸ.ਸੀ/ਐੱਸ.ਟੀ. ਵਿਦਿਆਰਥੀਆਂ ਦਾ ਦਾਖਲਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਹੁੰਦਾ ਹੈ, ਪਰ ਕਾਲਜ ਪ੍ਰਸ਼ਾਸਨ ਵੱਲੋਂ ਐੱਸ ਸੀ ਵਿਦਿਆਰਥੀ ਤੋਂ ਜ਼ਬਰਦਸਤੀ ਪੀਟੀਏ ਫੰਡ ਵਸੂਲਣ ਦੀ ਕੋਸ਼ਿਸ਼ ਕਰਕੇ ਕਾਲਜ ਪ੍ਰਸ਼ਾਸਨ ਸਰਕਾਰ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਦਲਿਤ ਵਿਦਿਆਰਥੀਆਂ ਨਾਲ ਧੱਕੇਸ਼ਾਹੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਕਾਲਜ ਪ੍ਰਸ਼ਾਸਨ ਵੱਲੋਂ ਦਲਿਤ ਵਿਦਿਆਰਥੀਆਂ ਨੂੰ ਇਸ ਸਾਲ ਵੀ ਜ਼ਲੀਲ ਕੀਤਾ ਜਾ ਰਿਹਾ ਹੈ ਤੇ ਗਰੀਬ ਦਲਿਤ ਵਿਦਿਆਰਥੀਆਂ ਨੂੰ ਨੀਵੀਂ ਜਾਤੀ ਦੇ ਹੋਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਵੱਲੋਂ ਪਿਛਲੇ ਦਿਨੀਂ ਕਾਲਜ ਪ੍ਰਸ਼ਾਸਨ ਤੇ ਜ਼ਿਲ੍ਹਾ ਭਲਾਈ ਅਫਸਰ ਮਾਨਸਾ ਨੂੰ ਪੀਟੀਏ ਫੰਡ ਮਾਫੀ ਲਈ ਮੰਗ ਪੱਤਰ ਸੌਂਪ ਚੁੱਕੇ ਹਾਂ, ਪਰ ਇਸ ਮਸਲੇ 'ਤੇ ਦੋਵਾਂ ਵੱਲੋਂ ਵਿਦਿਆਰਥੀਆਂ ਦੀ ਕੋਈ ਸਾਰ ਨਹੀਂ ਲਈ ਗਈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰ ਤਾਂ ਪਹਿਲਾਂ ਹੀ ਦਲਿਤ ਵਿਦਿਆਰਥੀਆਂ ਦੇ ਵਿਰੋਧੀ ਨੀਤੀਆਂ ਬਣਾ ਕੇ ਦਲਿਤ ਭਾਈਚਾਰੇ ਦੇ ਵਿਦਿਆਰਥੀਆਂ ਨਾਲ ਵਿਤਕਰਾ ਕਰ ਰਹੀਆਂ ਹਨ ਅਤੇ ਉਨ੍ਹਾਂ ਦੇ ਕਦਮਾਂ 'ਤੇ ਪ੍ਰਾਈਵੇਟ ਕਾਲਜਾਂ ਦੇ ਨਾਲ-ਨਾਲ ਸਰਕਾਰੀ ਕਾਲਜਾਂ ਨੇ ਵੀ ਰਾਹ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਕਾਲਜਾਂ ਵਿੱਚ ਐੱਸ ਸੀ ਗਰੀਬ ਪਰਿਵਾਰਾਂ ਦੇ ਬੱਚੇ ਪੜ੍ਹਦੇ ਹਨ, ਜੋ ਇਹ ਪੀ.ਟੀ.ਏ. ਫੰਡ ਨਹੀਂ ਦੇ ਸਕਦੇ। ਇਸ ਸਮੇਂ ਵਿਦਿਆਰਥੀ ਆਗੂਆਂ ਤੇ ਮੌਕੇ ਦੇ ਕਾਲਜ ਇੰਚਾਰਜ ਪ੍ਰੋ. ਸੀਮਾ ਜਿੰਦਲ ਨੇ ਕਾਲਜ ਪ੍ਰਿੰਸੀਪਲ ਮੈਡਮ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੇ ਇੱਕ ਹਫਤੇ ਦਾ ਸਮਾਂ ਮੰਗਿਆ, ਜਿਸ ਤੋਂ ਬਾਅਦ ਧਰਨਾ ਸਮਾਪਤ ਕੀਤਾ ਗਿਆ। ਵਿਦਿਆਰਥੀ ਆਗੂਆਂ ਨੇ ਕਿਹਾ ਕਿ ਜੇਕਰ ਪੀਟੀਏ ਮਾਫ ਨਾ ਕੀਤਾ ਤਾਂ 27 ਜੁਲਾਈ ਕਾਲਜ ਪ੍ਰਸ਼ਾਸਨ ਖਿਲਾਫ ਪੱਕਾ ਮੋਰਚਾ ਲਗਾ ਕੇ ਮਾਫੀ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਸਮੇਂ ਜ਼ਿਲ੍ਹਾ ਆਗੂ ਰਮਨਦੀਪ ਕੌਰ ਬੱਪੀਆਣਾ, ਪ੍ਰੀਤ ਦਸਾਉਦੀਆਂ, ਕਮਲਪ੍ਰੀਤ ਕੌਰ ਝੁਨੀਰ, ਫਰੋਨਦੀਪ ਸਿੰਘ, ਲਵਪ੍ਰੀਤ ਸਿੰਘ, ਮਨਪ੍ਰੀਤ ਕੌਰ ਗਾਗੋਵਾਲ ਆਦਿ ਸ਼ਾਮਲ ਸਨ।

ਕਾਤਰਾਂ

ਸ਼ਗਨ ਮਲੂਜਾ ਨਮਿਤ ਅੰਤਿਮ ਅਰਦਾਸ ਅੱਜ

ਮਲੋਟ (ਗੁਰਮੀਤ ਸਿੰਘ ਮੱਕੜ)-ਫਰੀਦਕੋਟ ਰੇਂਜ ਦੇ ਡੀ.ਆਈ.ਜੀ. ਅਜੈ ਮਲੂਜਾ ਤੇ ਨਰੇਸ਼ ਮਲੂਜਾ ਦੇ ਪਿਤਾ ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸ਼ਗਨ ਲਾਲ ਮਲੂਜਾ, ਜੋ ਬੀਤੇ ਦਿਨੀਂ ਸਵਰਗਵਾਸ ਹੋ ਗਏ ਸਨ, ਉਨ੍ਹਾ ਦੀ ਆਤਮਿਕ ਸ਼ਾਂਤੀ ਨਮਿੱਤ ਅੰਤਿਮ ਅਰਦਾਸ 23 ਜੁਲਾਈ ਨੂੰ ਦੁਪਹਿਰ 12 ਤੋਂ 1 ਵਜੇ ਤੱਕ ਸ਼ੀ-ਸ਼ੈੱਲ ਰਿਜ਼ੋਰਟ, ਬਠਿੰਡਾ ਰੋਡ ਮਲੋਟ ਵਿਖੇ ਹੋਵੇਗੀ।

ਅਨੀਮੀਆ ਮੁਕਤ ਪੰਜਾਬ ਤਹਿਤ ਜਾਗਰੂਕਤਾ ਪ੍ਰੋਗਰਾਮ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਪਿੰਡ ਕੌੜਿਆਂਵਾਲੀ ਆਂਗਣਵਾੜੀ ਸੈਂਟਰ ਵਿੱਚ ਅਨੀਮੀਆ ਮੁਕਤ ਪੰਜਾਬ ਤਹਿਤ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਦੌਰਾਨ ਬੱਚਿਆਂ, ਔਰਤਾਂ, ਕਿਸ਼ੋਰੀਆਂ ਦੀਆਂ ਮਾਤਾਵਾਂ ਨੂੰ ਅਨੀਮੀਆ ਦੇ ਲੱਛਣਾਂ ਬਾਰੇ ਦੱਸਿਆ ਗਿਆ। ਇਸ ਦੇ ਨਾਲ ਹੀ ਅਨੀਮੀਆ ਦੀ ਰੋਕਥਾਮ ਸਬੰਧੀ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਨੂੰ ਸੰਤੁਲਿਤ ਖੁਰਾਕ ਖਾਣ ਬਾਰੇ ਜਾਣਕਾਰੀ ਦਿੱਤੀ ਗਈ। ਇਸ ਪ੍ਰੋਗਰਾਮ ਦੌਰਾਨ ਸੁਪਰਵਾਈਜ਼ਰ ਸੁਨੀਤਾ ਰਾਣੀ, ਰੀਨਾ ਰਾਣੀ ਤੇ ਬਲਾਕ ਕੋਆਰਡੀਨੇਟਰ ਇੰਦਰਜੀਤ ਕੌਰ ਅਤੇ ਕੌੜਿਆਂਵਾਲੀ ਸੈਂਟਰ ਦੀਆਂ ਸਮੂਹ ਵਰਕਰਾਂ ਤੇ ਹੈਲਪਰਾਂ ਹਾਜ਼ਰ ਸਨ।

ਲਾਇਨਜ਼ ਕਲੱਬ ਰੋਜ਼ ਦੀ ਵਿਸ਼ੇਸ਼ ਮੀਟਿੰਗ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਲਾਇਨਜ਼ ਕਲੱਬ ਸਮਾਣਾ ਰੋਜ਼ ਦੇ ਪ੍ਰਧਾਨ ਡਾ: ਦੀਪਕ ਸਿੰਗਲਾ, ਜਨਰਲ ਸਕੱਤਰ ਸੰਜੀਵ ਗੋਇਲ, ਕੈਸ਼ੀਅਰ ਜੀਵਨ ਮਿੱਤਲ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਆਉਣ ਵਾਲੇ ਸਾਲ 'ਚ ਲਗਾਏ ਜਾਣ ਵਾਲੇ ਪ੍ਰਾਜੈਕਟਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਕਲੱਬ ਵਿੱਚ ਚਾਰ ਨਵੇਂ ਮੈਂਬਰਾਂ ਕਰਨ ਬਾਂਸਲ, ਗੀਤੇਸ਼ ਸਿੰਗਲਾ, ਹਰਮੇਸ਼ ਕੁਮਾਰ ਤੇ ਵਿਨੋਦ ਕੁਮਾਰ ਨੂੰ ਸ਼ਾਮਲ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ। ਪ੍ਰਧਾਨ ਦੀਪਕ ਸਿੰਗਲਾ ਨੇ ਕਿਹਾ ਕਿ ਕਲੱਬ ਵੱਲੋਂ ਉਲੀਕੇ ਪ੍ਰਾਜੈਕਟਾਂ ਰਾਹੀਂ ਸਮਾਜ ਤੇ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਨ ਲਈ ਕਲੱਬ ਯਤਨਸ਼ੀਲ ਰਹੇਗਾ। ਇਸ ਮੌਕੇ ਰੀਜਨ ਕੋਆਰਡੀਨੇਟਰ ਵਿਕਾਸ ਸਿੰਗਲਾ, ਵਰੁਣ ਬਾਂਸਲ, ਅਮਿਤ ਗਰਗ ਸੋਨੀ, ਸੋਨੂੰ ਸ਼ਾਹ, ਰਾਮ ਲਾਲ ਗਰਗ, ਪੰਕਜ ਬਾਂਸਲ, ਸੁਭਾਸ਼ ਮਿੱਤਲ ਆਦਿ ਹਾਜ਼ਰ ਸਨ।

ਡੀ.ਏ.ਵੀ. ਕਾਲਜ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਡੀ.ਏ.ਵੀ. ਕਾਲਜ ਦੇ ਵਿਦਿਆਰਥੀਆਂ ਨੇ ਮਈ-2023 ਛੇਵੇਂ ਸਮੈਸਟਰ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਮੱਲਾਂ ਮਾਰੀਆਂ ਹਨ। ਕਾਲਜ ਦੇ ਬੀ.ਏ. ਭਾਗ ਤੀਜਾ ਦੀ ਦੀਪਿਕਾ (88.58%) ਨੇ ਪਹਿਲਾ, ਐਨੀ (88.4%) ਨੇ ਦੂਜਾ ਤੇ ਜੈਨੀਫ਼ਰ (87.50%) ਨੇ ਤੀਜੇ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹੀ ਬੀ.ਐੱਸ.ਸੀ. ਭਾਗ ਤੀਜਾ ਦੀ ਗੀਤਾਂਜਲੀ ਸ਼ਰਮਾ (89.90%) ਨੇ ਪਹਿਲਾ, ਖੁਸ਼ਬੂ (89) ਨੇ ਦੂਜਾ ਸਥਾਨ, ਸ਼ਾਲੂ (87.10%) ਨੇ ਤੀਜਾ ਸਥਾਨ ਅਤੇ ਬੀ. ਕਾਮ ਤੀਜਾ ਦੀ ਬਬੀਤਾ (82.70%) ਪਹਿਲੇ, ਹਰਜੋਤ ਕੌਰ (82.10%) ਦੂਜੇ ਤੇ ਸੁਮਨਦੀਪ ਕੌਰ (79.78%) ਤੀਜੇ ਸਥਾਨ 'ਤੇ ਰਹੇ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਸ਼੍ਰੀ ਸੁਭਾਸ਼ ਗੁਪਤਾ, ਡੀਨ ਅਕੈਡਮਿਕ ਸ਼੍ਰੀ ਸਦੇਸ਼ ਗਰੋਵਰ ਤੇ ਸਮੂਹ ਸਟਾਫ਼ ਨੇ ਵਿਦਿਆਰਥੀਆਂ ਨੂੰ ਅਜਿਹਾ ਸ਼ਾਨਦਾਰ ਨਤੀਜਾ ਆਉਣ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਸਰਕਾਰੀ ਪ੍ਰਾਇਮਰੀ ਸਕੂਲ 'ਚ ਪੌਦੇ ਲਗਾਏ

ਜਲਾਲਾਬਾਦ (ਜੀਤ ਕੁਮਾਰ)-ਸਰਕਾਰੀ ਪ੍ਰਾਇਮਰੀ ਸਕੂਲ ਆਲਮ ਕੇ ਉਤਾੜ ਵਿਖੇ ਈਕੋ ਸੇਵਰ ਕਲੱਬ ਜਲਾਲਾਬਾਦ ਦੇ ਸਹਿਯੋਗ ਨਾਲ ਵੱਖ-ਵੱਖ ਤਰ੍ਹਾਂ ਦੇ ਬੂਟੇ ਲਗਾਏ ਗਏ। ਸੈਂਟਰ ਹੈੱਡ ਟੀਚਰ ਦਰਸ਼ਨ ਸਿੰਘ, ਗੁਰਦੀਪ ਸਿੰਘ, ਅਮਰਜੂਤ ਕੌਰ, ਨੇਹਾ ਸ਼ਰਮਾ, ਮਮਤਾ ਰਾਣੀ, ਬਲਜਿੰਦਰ ਕੌਰ, ਸਤਿੰਦਰ ਕੌਰ ਤੇ ਸਟੇਟ ਐਵਾਰਡੀ ਮਾਸਟਰ ਪ੍ਰਭਦੀਪ ਸਿੰਘ ਆਦਿ ਹਾਜ਼ਰ ਸਨ। ਸਟੇਟ ਐਵਾਰਡੀ ਮਾ. ਪ੍ਰਭਦੀਪ ਸਿੰਘ ਨੇ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਤੇ ਇਨ੍ਹਾਂ ਦੀ ਸਾਂਭ-ਸੰਭਾਲ ਕਰਨ ਦਾ ਸੰਦੇਸ਼ ਦਿੱਤਾ।

ਕੂੜੇ ਦਾ ਡੰਪ ਲੋਕਾਂ ਲਈ ਬਣਿਆ ਸਿਰਦਰਦੀ

ਜੋਗੇਵਾਲਾ ਵਾਸੀਆਂ ਨੇ ਕੂੜੇ ਦੀਆਂ ਟਰਾਲੀਆਂ ਵਾਪਸ ਮੋੜੀਆਂ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) ਸ਼

23-JULY-PAGE-5.qxd 7/22/2023 10:07 PM Page 1

ਨਜਾਇਜ਼ ਮਾਈਨਿੰਗ ਰੋਕਣ ਗਈ ਪੁਲਸ ਪਾਰਟੀ 'ਤੇ ਹਮਲਾ ਕਰਨ ਵਾਲੇ 6 ਗ੍ਰਿਫ਼ਤਾਰ

ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਐੱਸ ਐੱਸ ਪੀ ਅਮਨੀਤ ਕੌਂਡਲ (ਸੱਜੇ) ਗ੍ਰਿਫ਼ਤਾਰ ਕੀਤੇ ਮੁਲਜ਼ਮ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਲੰਘੀ 20 ਜੁਲਾਈ ਦੀ ਰਾਤ ਨੂੰ ਸਤਲੁਜ ਦਰਿਆ ਕਿਨਾਰੇ ਰੇਤੇ ਦੀ ਨਾਜਾਇਜ਼ ਮਾਈਨਿੰਗ ਰੋਕਣ ਗਏ ਮਾਛੀਵਾੜਾ ਪੁਲਸ ਦੇ ਸਹਾਇਕ ਥਾਣੇਦਾਰ ਤੇ ਕਰਮਚਾਰੀਆਂ 'ਤੇ ਹਮਲਾ ਕਰ ਦਿੱਤਾ ਅਤੇ ਹਮਲਾਵਾਰ ਪੁਲਸ ਦੇ ਕਬਜ਼ੇ 'ਚੋਂ ਰੇਤੇ ਦੀ ਭਰੀ ਨਾਜਾਇਜ਼ ਟਰਾਲੀ ਤੇ ਗ੍ਰਿਫ਼ਤਾਰ ਕੀਤਾ ਕਥਿਤ ਦੋਸ਼ੀ ਵੀ ਛੁਡਵਾ ਕੇ ਲੈ ਗਏ। ਮਾਛੀਵਾੜਾ ਪੁਲਸ ਵੱਲੋਂ ਇਸ ਮਾਮਲੇ ਵਿੱਚ 8 ਵਿਅਕਤੀਆਂ ਮਹਿੰਦਰ ਸਿੰਘ ਉਰਫ਼ ਲਾਲਾ, ਕੁਲਵਿੰਦਰ ਸਿੰਘ ਉਰਫ਼ ਕਾਲਾ, ਜਰਨੈਲ ਸਿੰਘ ਉਰਫ਼ ਰਿਕੂ, ਗੁਰਪ੍ਰੀਤ ਸਿੰਘ ਉਰਫ਼ ਲੱਡੂ, ਕੁਲਦੀਪ ਸਿੰਘ, ਗਗਨਦੀਪ ਸਿੰਘ, ਵੇਦਪਾਲ ਤੇ ਹਨੀ ਸਮੇਤ 4 ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ, ਜਿਨ੍ਹਾਂ 'ਚੋਂ 6 ਵਿਅਕਤੀਆਂ ਵੇਦਪਾਲ, ਰਿਸ਼ੀਪਾਲ, ਗਗਨਦੀਪ ਸਿੰਘ ਉਰਫ਼ ਗਗਨ, ਗੁਰਪ੍ਰੀਤ ਸਿੰਘ ਉਰਫ਼ ਲੱਡੂ (ਸਾਰੇ ਵਾਸੀ ਟੰਡੀ ਮੰਡ), ਮਨਪ੍ਰੀਤ ਸਿੰਘ ਵਾਸੀ ਮੰਡ ਝੜੌਦੀ ਤੇ ਗੁਰਵਿੰਦਰ ਸਿੰਘ ਉਰਫ਼ ਗੁੱਡੂ ਵਾਸੀ ਫਤਹਿਪੁਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਤੋਂ ਇਲਾਵਾ ਕਈ ਹੋਰ ਅਣਪਛਾਤੇ ਵਿਅਕਤੀਆਂ ਖਿਲਾਫ਼ ਕਾਤਲਾਨਾ ਹਮਲਾ ਤੇ ਹੋਰ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਜ਼ਿਲ੍ਹਾ ਖੰਨਾ ਦੇ ਐੱਸ ਐੱਸ ਪੀ ਅਮਨੀਤ ਕੌਂਡਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਸਤਲੁਜ ਦਰਿਆ ਕਿਨਾਰੇ ਰੇਤੇ ਦੀ ਨਾਜਾਇਜ਼ ਮਾਈਨਿੰਗ ਚੱਲ ਰਹੀ ਹੈ, ਜਿਸ 'ਤੇ ਸਹਾਇਕ ਥਾਣੇਦਾਰ ਜਸਵੰਤ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ। ਸਤਲੁਜ ਦਰਿਆ ਤੋਂ ਰੇਤੇ ਦੀ ਭਰੀ ਟਰਾਲੀ ਪੁਲਸ ਪਾਰਟੀ ਨੇ ਕਾਬੂ ਕਰ ਲਈ ਤੇ ਚਾਲਕ ਨੂੰ ਵੀ ਕਾਬੂ ਕਰ ਲਿਆ। ਪੁਲਸ ਪਾਰਟੀ ਰੇਤੇ ਦੀ ਭਰੀ ਟਰਾਲੀ ਤੇ ਚਾਲਕ ਨੂੰ ਗ੍ਰਿਫ਼ਤਾਰ ਕਰਕੇ ਜਦੋਂ ਮਾਛੀਵਾੜਾ ਥਾਣਾ ਵੱਲ ਆ ਰਹੀ ਸੀ ਤਾਂ ਰਸਤੇ ਵਿੱਚ ਇੱਕ ਕਾਰ ਸਵਾਰ ਵਿਅਕਤੀਆਂ ਨੇ ਪੁਲਸ ਅਧਿਕਾਰੀਆਂ ਨੂੰ ਘੇਰ ਲਿਆ। ਇਹ ਕਾਰ ਸਵਾਰ ਵਿਅਕਤੀ ਪੁਲਸ ਨਾਲ ਹੱਥੋਪਾਈ ਕਰਨ ਲੱਗੇ, ਇੱਥੋਂ ਤੱਕ ਕਿ ਡੰਡਿਆਂ ਨਾਲ ਉਨ੍ਹਾਂ 'ਤੇ ਹਮਲਾ ਕਰ ਕੁੱਟਮਾਰ ਕੀਤੀ। ਇਹ ਹਮਲਾਵਾਰ ਰੇਤੇ ਦੀ ਭਰੀ ਟਰਾਲੀ ਤੇ ਗ੍ਰਿਫ਼ਤਾਰ ਕੀਤਾ ਕਥਿਤ ਦੋਸ਼ੀ ਵੀ ਪੁਲਸ ਕਬਜ਼ੇ 'ਚੋਂ ਛੁਡਵਾ ਕੇ ਲੈ ਗਏ। ਇਸ ਹਮਲੇ ਵਿੱਚ ਫੱਟੜ ਹੋਏ ਸਹਾਇਕ ਥਾਣੇਦਾਰ ਜਸਵੰਤ ਸਿੰਘ ਤੇ ਕਰਮਚਾਰੀ ਪਰਮਜੀਤ ਸਿੰਘ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ। ਐੱਸ ਐੱਸ ਪੀ ਖੰਨਾ ਨੇ ਦੱਸਿਆ ਕਿ ਇਸ ਹਮਲੇ 'ਚ ਦੋਵੇਂ ਕਰਮਚਾਰੀ ਦੀਆਂ ਹੱਡੀਆਂ ਵੀ ਫੈਕਚਰ ਹੋ ਗਈਆਂ ਹਨ, ਜਦਕਿ ਕੁਝ ਹੋਰ ਕਰਮਚਾਰੀ ਮਾਮੂਲੀ ਫੱਟੜ ਹੋਏ। ਜਾਣਕਾਰੀ ਅਨੁਸਾਰ ਨਾਜਾਇਜ਼ ਮਾਈਨਿੰਗ ਰੋਕਣ ਗਈ ਪੁਲਸ ਪਾਰਟੀ 'ਤੇ ਜਦੋਂ ਹਮਲਾਵਾਰਾਂ ਨੇ ਰਸਤਾ ਰੋਕ ਕੇ ਹਮਲਾ ਕੀਤਾ ਤਾਂ ਉਸ 'ਚੋਂ ਇੱਕ ਮੁਲਾਜ਼ਮ ਦਾ ਮੋਬਾਇਲ ਤੇ 5 ਹਜ਼ਾਰ ਰੁਪਏ ਵੀ ਉਹ ਖੋਹ ਕੇ ਲੈ ਗਏ। ਪੁਲਸ ਨੇ ਹਮਲਾਵਾਰਾਂ ਖਿਲਾਫ਼ ਇਸ ਧਾਰਾ ਤਹਿਤ ਵੀ ਮਾਮਲਾ ਦਰਜ ਕੀਤਾ ਹੈ।

ਇਨਕਲਾਬੀ ਕੇਂਦਰ ਵੱਲੋਂ ਮਨੀਪੁਰ 'ਚ ਔਰਤਾਂ ਨਾਲ ਵਾਪਰੇ ਘਿਨਾਉਣੇ ਵਰਤਾਰੇ ਖਿਲਾਫ ਆਵਾਜ਼ ਉਠਾਉਣ ਦਾ ਸੱਦਾ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਬੀਤੀ 4 ਮਈ ਨੂੰ ਮਨੀਪੁਰ 'ਚ ਦੋ ਔਰਤਾਂ ਨੂੰ ਗੈਂਗਰੇਪ ਕਰਨ ਤੋਂ ਬਾਅਦ ਅਲਫ਼ ਨੰਗੀ ਹਾਲਤ 'ਚ ਸੜਕਾਂ 'ਤੇ ਘੁਮਾਉਣ ਦੀ ਅਤੀ ਸ਼ਰਮਨਾਕ ਘਟਨਾ ਦੀ ਇਨਕਲਾਬੀ ਕੇਂਦਰ ਪੰਜਾਬ ਨੇ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਨਰਾਇਣ ਦੱਤ, ਜਨਰਲ ਸਕੱਤਰ ਕੰਵਲਜੀਤ ਖੰਨਾ, ਸੂਬਾ ਕਮੇਟੀ ਮੈਂਬਰ ਜਗਜੀਤ ਸਿੰਘ ਲਹਿਰਾ ਮੁਹੱਬਤ, ਮੁਖਤਿਆਰ ਪੂਹਲਾ ਤੇ ਜਸਵੰਤ ਜੀਰਖ ਨੇ ਪ੍ਰੈੱਸ ਨੂੰ ਜਾਰੀ ਸਾਂਝੇ ਬਿਆਨ 'ਚ ਕਿਹਾ ਕਿ ਇਸ ਘਿਨਾਉਣੀ ਘਟਨਾ ਨੇ ਹਰ ਜਾਗਦੀ ਜ਼ਮੀਰ ਵਾਲੇ ਵਿਅਕਤੀ ਦਾ ਦਿਮਾਗ਼ ਸੁੰਨ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮਨੀਪੁਰ ਦੀ ਲਿਖਤੀ ਭਾਸ਼ਾ ਨਾਲ ਵਾਇਰਲ ਉਹ ਅਤਿਅੰਤ ਸ਼ਰਮਨਾਕ ਵੀਡੀਓ ਹੁਣ ਸੋਸ਼ਲ ਮੀਡੀਆ ਤੋਂ ਹਟਾ ਦਿੱਤੀ ਗਈ ਹੈ। ਸੈਂਕੜੇ ਮਰਦਾਂ 'ਚ ਘਿਰੀਆਂ ਦੋਵੇਂ ਔਰਤਾਂ ਜ਼ਾਰ-ਜ਼ਾਰ ਰੋ ਰਹੀਆਂ ਹਨ ਅਤੇ ਉਨ੍ਹਾਂ ਦੇ ਸਰੀਰ ਨਾਲ ਛੇੜਛਾੜ ਕਰ ਰਹੀ ਭੀੜ ਦੀ ਗੰਦੀ ਮਾਨਸਿਕਤਾ ਨੇ ਸਾਬਿਤ ਕਰ ਦਿੱਤਾ ਹੈ ਕਿ ਇਸ ਜਾਬਰ ਆਦਮਖੋਰ ਪ੍ਰਬੰਧ ਖਾਸ ਕਰ ਬੀਜੇਪੀ ਦੇ ਗੰਦੇ ਨਫ਼ਰਤੀ ਲੋਕ ਵਿਰੋਧੀ ਰਾਜਨੀਤਕ ਨਿਘਾਰ ਨੇ ਲੋਕਾਈ ਨੂੰ ਡੂੰਘੇ ਪਾਤਾਲ ਵਿੱਚ ਗਰਕ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰੋਮ ਦੇ ਸੜਨ ਦਾ ਇਹ ਅਖਾਣ ਸਾਡੇ ਵਿਸ਼ਵਗੁਰੂ 'ਤੇ ਬੇਹੱਦ ਢੁੱਕਵਾਂ ਹੈ ਕਿ ਮਨੀਪੁਰ ਸੜ ਰਿਹਾ ਹੈ, ਪ੍ਰੰਤੂ ਸਾਡਾ ਨੀਰੋ ਬੰਸਰੀ ਵਜਾ ਰਿਹਾ ਹੈ। ਕਦੇ ਅਮਰੀਕਾ, ਕਦੇ ਫਰਾਂਸ ਜਾਣ ਲਈ ਕਾਹਲੇ ਪਏ ਇਸ ਵਿਸ਼ਵਗੁਰੂ ਕੋਲ ਢਾਈ ਮਹੀਨੇ ਤੋਂ ਅੱਗ ਦੀਆਂ ਲਾਟਾਂ ਵਿੱਚ ਸੜ ਰਹੇ ਮਨੀਪੁਰ ਦੇ ਲੋਕਾਂ ਦਾ ਦਰਦ ਸੁਣਨ ਦਾ ਵਕਤ ਨਹੀਂ। ਪਿਛਲੇ ਤਕਰੀਬਨ ਤਿੰਨ ਮਹੀਨਿਆਂ ਤੋਂ ਡੇਢ ਸੌ ਦੇ ਕਰੀਬ ਮੌਤਾਂ ਦੀ ਕਤਲਗਾਹ ਬਣੇ, 60 ਹਜ਼ਾਰ ਘਰਾਂ ਦੇ ਉਜਾੜੇ, ਹਜ਼ਾਰਾਂ ਵਿਦਰੋਹੀਆਂ ਨੂੰ ਜੇਲ੍ਹਾਂ 'ਚ ਬੰਦ ਕਰਨ ਦੇ ਬਾਵਜੂਦ ਦੇਸ਼ ਦੇ ਪ੍ਰਧਾਨ ਮੰਤਰੀ ਦੀ ਚੁੱਪ ਬੇਹੱਦ ਸ਼ਰਮਨਾਕ ਤੇ ਖ਼ਤਰਨਾਕ ਵੀ ਹੈ। ਅੱਜ ਲੋਕ ਸਭਾ ਵਿੱਚ ਪਏ ਸ਼ੋਰ ਸ਼ਰਾਬੇ 'ਚ ਮੋਦੀ ਵੱਲੋਂ ਵਹਾਏ ਮਗਰਮੱਛ ਦੇ ਹੰਝੂਆਂ ਨਾਲ ਕੀ ਉਨ੍ਹਾਂ ਔਰਤਾਂ ਦਾ ਪੁਰਾਣਾ ਜੀਵਨ ਕਾਲ ਬਹਾਲ ਹੋ ਸਕੇਗਾ, ਕਦਾਚਿਤ ਨਹੀਂ। ਆਗੂਆਂ ਨੇ ਸਮੂਹ ਇਨਕਲਾਬੀ ਸ਼ਕਤੀਆਂ ਨੂੰ ਮਨੀਪੁਰ ਦੇ ਗੰਭੀਰ ਮਸਲੇ 'ਤੇ ਇੱਕਜੁੱਟ ਆਵਾਜ਼ ਉਠਾਉਣ ਦਾ ਸੱਦਾ ਦਿੱਤਾ ਹੈ।

ਧੋਖਾਧੜੀ ਦੇ ਦੋਸ਼ਾਂ ਤਹਿਤ ਤਿੰਨ ਵਿਰੁੱਧ ਮਾਮਲਾ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਖੇੜੀ ਨੌਧ ਸਿੰਘ ਪੁਲਸ ਨੇ ਮਾਛੀਵਾੜਾ ਦੇ ਇੱਕ ਵਿਅਕਤੀ ਦੀ ਸ਼ਿਕਾਇਤ 'ਤੇ ਜਰਨੈਲ ਸਿੰਘ, ਬੇਅੰਤ ਸਿੰਘ ਤੇ ਗੁਰਤੇਜ ਸਿੰਘ ਵਾਸੀਆਨ ਪਿੰਡ ਲੁਹਾਰਮਾਜਰਾ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ। ਪੁਲਸ ਦੇ ਸੂਤਰਾਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਗੁਰਜੀਤ ਸਿੰਘ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਪਰੋਕਤ ਵਿਅਕਤੀਆਂ ਨੇ ਉਸ ਨਾਲ ਜ਼ਮੀਨ ਦਾ ਸੌਦਾ ਕੀਤਾ ਸੀ, ਜਿਸ ਦੀ ਪੂਰੀ ਰਕਮ ਹਾਸਲ ਕਰਨ ਦੇ ਬਾਵਜੂਦ ਉਨ੍ਹਾਂ ਵੱਲੋਂ ਜ਼ਮੀਨ ਦਾ ਬੈਨਾਮਾ ਨਹੀਂ ਕਰਵਾਇਆ ਜਾ ਰਿਹਾ। ਥਾਣਾ ਖੇੜੀ ਨੌਧ ਸਿੰਘ ਦੇ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਸਰਵ-ਭਾਰਤ ਨੌਜਵਾਨ ਸਭਾ ਤੇ ਏ ਆਈ ਐੱਸ ਐੱਫ ਵੱਲੋਂ ਮਨੀਪੁਰ ਘਟਨਾ ਦੀ ਨਿੰਦਾ

ਮੋਗਾ (ਅਮਰਜੀਤ ਬੱਬਰੀ)

ਮਨੀਪੁਰ 'ਚ ਮਹਿਲਾਵਾਂ ਨੂੰ ਨਿਰਵਸਤਰ ਘੁਮਾਉਣ ਤੇ ਸਮੂਹਕ ਬਲਾਤਕਾਰ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਨੇ ਪੂਰਾ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਘਟਨਾ ਨੂੰ ਦੇਖ ਪੂਰਾ ਦੇਸ਼ ਆਪਣੇ ਆਪ ਵਿੱਚ ਸ਼ਰਮਸਾਰ ਹੈ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਲੋਕਾਂ ਦੀ ਰਾਖੀ ਕਰਨ ਦੀ ਬਜਾਏ ਅੱਤਿਆਚਾਰ ਕਰ ਰਹੀ ਹੈ ਤੇ ਔਰਤਾਂ ਨੂੰ ਨਿਸ਼ਾਨਾ ਬਣਾਉਣਾ ਆਪਣੇ ਆਪ ਵਿੱਚ ਇੱਕ ਘਿਨਾਉਣਾ ਕਾਰਾ ਹੈ। ਔਰਤਾਂ ਨੂੰ ਬੇਇੱਜ਼ਤ ਕਰਕੇ ਕੇਂਦਰ ਸਰਕਾਰ ਨੇ ਆਪਣਾ ਘਟੀਆ ਚਿਹਰਾ ਜੱਗ ਜ਼ਾਹਰ ਕੀਤਾ ਹੈ, ਜਿਸ ਦਾ ਬਦਲਾ ਲੋਕ ਆਉਣ ਵਾਲੇ ਸਮੇਂ 'ਤ ਲੈਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਰਵ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਹਰਪ੍ਰੀਤ ਬਾਵਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਆਗੂ ਸਵਰਾਜ ਖੋਸਾ ਨੇ ਪ੍ਰੈੱਸ ਦੇ ਨਾਮ ਇੱਕ ਬਿਆਨ ਜਾਰੀ ਕਰਦਿਆਂ ਕੀਤਾ। ਆਗੂਆਂ ਨੇ ਕਿਹਾ ਕਿ ਮਨੀਪੁਰ ਸੂਬੇ ਵਿੱਚ ਦੋ ਭਾਈਚਾਰਿਆਂ ਵਿਚਾਲੇ ਝੜਪਾਂ ਚੱਲ ਰਹੀਆਂ ਹਨ, ਜਿਸ ਕਾਰਨ ਪੂਰਾ ਸੂਬਾ ਕਈ ਮਹੀਨਿਆਂ ਤੋਂ ਅੱਗ ਦੀ ਭੱਠੀ ਵਿੱਚ ਜਲ ਰਿਹਾ ਹੈ। 4 ਮਈ ਦੀ ਵਾਇਰਲ ਹੋਈ ਘਟਨਾ ਨੇ ਤਾਂ ਇਨਸਾਨੀਅਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਇਸ ਵੀਡੀਓ ਵਿੱਚ ਦੋ ਮਹਿਲਾਵਾਂ ਨੂੰ ਨਿਰਵਸਤਰ ਕਰ ਕੇ ਕੁਝ ਨੌਜਵਾਨ ਸੜਕ 'ਤੇ ਲਿਜਾਂਦੇ ਨਜ਼ਰ ਆ ਰਹੇ ਹਨ। ਕੁਝ ਮਰਦ ਪ੍ਰੇਸ਼ਾਨ ਮਹਿਲਾਵਾਂ ਨੂੰ ਖੇਤਾਂ ਵੱਲ ਖਿੱਚਦੇ ਨਜ਼ਰ ਆ ਰਹੇ ਹਨ। ਇਹ ਆਪਣੇ ਆਪ ਵਿੱਚ ਇੱਕ ਬਹੁਤ ਨਿੰਦਣਯੋਗ ਘਟਨਾ ਹੈ, ਜਿਸ ਦੀ ਸਰਵ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਜ਼ਿਲ੍ਹਾ ਮੋਗਾ ਸਖਤ ਸ਼ਬਦਾਂ 'ਚ ਨਿੰਦਾ ਕਰਦੀ ਹੋਏ ਮੰਗ ਕਰਦੀ ਹੈ ਕਿ ਮੋਦੀ ਆਪਣੀ ਚੁੱਪੀ ਤੋੜੇ। ਇਸ ਘਟਨਾ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾ ਦੇਵੇ। ਮਨੀਪੁਰ ਵੀ ਭਾਰਤ ਦਾ ਇੱਕ ਸੂਬਾ ਹੈ, ਇਸ ਦੀ ਰਾਖੀ ਕਰਨਾ ਉਨ੍ਹਾਂ ਦਾ ਫਰਜ਼ ਹੈ। ਜੇਕਰ ਸਰਕਾਰ ਨੇ ਆਪਣਾ ਇਹ ਰਵੱਈਆ ਨਾ ਬਦਲਿਆ ਤਾਂ ਇਸ ਦਾ ਖਾਮਿਆਜ਼ਾ ਸਰਕਾਰ ਨੂੰ ਭੁਗਤਣਾ ਪਵੇਗਾ।

ਇਸ ਸਮੇਂ ਉਨ੍ਹਾਂ ਨਾਲ ਸਰਵ ਭਾਰਤ ਨੌਜਵਾਨ ਸਭਾ ਦੇ ਸੂਬਾਈ ਆਗੂ ਕਰਮਵੀਰ ਬੱਧਨੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਤੋਂ ਇਲਾਵਾ ਵਿਦਿਆਰਥੀ ਆਗੂ ਨਵਕਿਰਨ ਕੌਰ, ਇੰਦਰਜੀਤ ਦੀਨਾ, ਨੌਜਵਾਨ ਆਗੂ ਰਾਜੂ ਮਹੇਸਰੀ, ਬੋਹੜ ਬੁੱਟਰ, ਜਬਰਜੰਗ ਮਹੇਸਰੀ ਆਦਿ ਹਾਜ਼ਰ ਸਨ।

ਮਨੀਪੁਰ 'ਚ ਮਹਿਲਾਵਾਂ ਨੂੰ ਨਿਰਵਸਤਰ ਘੁਮਾਉਣ ਦੀ ਨਿੰਦਾ ਕਰਦੇ ਹੋਏ ਸਰਬ ਭਾਰਤ ਨੌਜਵਾਨ ਸਭਾ ਤੇ ਏ ਆਈ ਐੱਸਐੱਫ ਦੇ ਆਗੂ।

ਕਾਤਰਾਂ

ਬੱਸ ਦਾ ਇੰਤਜ਼ਾਰ ਕਰ ਰਹੇ ਵਿਅਕਤੀ 'ਤੇ ਚੜ੍ਹਿਆ ਟਰੱਕ, ਇਲਾਜ ਦੌਰਾਨ ਮੌਤ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ-ਖੰਨਾ ਜੀ. ਟੀ. ਰੋਡ 'ਤੇ ਪਿੰਡ ਅਜਨਾਲੀ ਨਜ਼ਦੀਕ ਬੀਤੇ ਦਿਨੀਂ ਵਾਪਰੇ ਸੜਕ ਹਾਦਸੇ 'ਚ ਗੰਭੀਰ ਜ਼ਖਮੀ ਹੋਏ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਜਿੰਦਰ ਸਿੰਘ ਵਾਸੀ ਪਿੰਡ ਅਜਨਾਲੀ 19 ਜੁਲਾਈ ਦੀ ਸਵੇਰੇ 6 ਵਜੇ ਦੇ ਕਰੀਬ ਅਜਨਾਲੀ ਬੱਸ ਸਟਾਪ 'ਤੇ ਲੁਧਿਆਣਾ ਜਾਣ ਲਈ ਬੱਸ ਦੀ ਉਡੀਕ ਕਰ ਰਿਹਾ ਸੀ ਤਾਂ ਸਰਹਿੰਦ ਵੱਲੋਂ ਆਇਆ ਟਰੱਕ ਨੰਬਰ ਪੀ.ਬੀ.10.ਈ.ਵੀ-0266 ਉਸ ਨੂੰ ਲਪੇਟ 'ਚ ਲੈਣ ਉਪਰੰਤ ਪਲਟ ਗਿਆ ਤੇ ਟਰੱਕ ਦੇ ਥੱਲੇ ਆ ਜਾਣ ਕਾਰਨ ਰਾਜਿੰਦਰ ਸਿੰਘ ਗੰਭੀਰ ਜ਼ਖਮੀ ਹੋ ਗਿਆ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕ ਦੇ ਲੜਕੇ ਪਰਮਜੀਤ ਦੇ ਬਿਆਨਾਂ 'ਤੇ ਮੰਡੀ ਗੋਬਿੰਦਗੜ੍ਹ ਪੁਲਸ ਨੇ ਟਰੱਕ ਦੇ ਚਾਲਕ ਸਹਿਜ਼ਾਦ ਵਾਸੀ ਸ਼ਾਮਲੀ (ਯੂ. ਪੀ.) ਵਿਰੁੱਧ ਅ/ਧ 279,337,304ਏ ਆਈ.ਪੀ.ਸੀ. ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

5 ਗੱਟੇ ਕਣਕ ਚੋਰੀ ਕਰਨ ਦੇ ਦੋਸ਼ 'ਚ 3 ਖਿਲਾਫ ਕੇਸ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਕਣਕ ਚੋਰੀ ਕਰਨ ਦੇ ਦੋਸ਼ ਵਿੱਚ 3 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਮਹਿੰਦਰ ਸਿੰਘ ਨੇ ਦੱਸਿਆ ਕਿ ਮੁਦੱਈ ਸੁਖਦੇਵ ਸਿੰਘ ਪੁੱਤਰ ਅਜੈਬ ਸਿੰਘ ਪੁੱਤਰ ਦਰਬਾਰਾ ਸਿੰਘ ਵਾਸੀ ਚੱਕ ਲੱਖੋਕੇ ਉਰਫ ਚੱਕ ਬੁੱਧੋਕੇ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਉਸ ਨੇ ਆਪਣੇ ਘਰ ਵਿੱਚ ਟੈਂਕੀਆਂ 'ਚ ਕਰੀਬ 30 ਮਣ (12 ਕੁਇੰਟਲ) ਕਣਕ ਰੱਖੀ ਹੋਈ ਸੀ ਤੇ ਬੀਤੀ 20 ਜੁਲਾਈ 2023 ਨੂੰ ਦੇਰ ਰਾਤ ਕਰੀਬ 9 ਵਜੇ ਉਸ ਨੇ ਵੇਖਿਆ ਕਿ ਇਨ੍ਹਾਂ ਦੋਵੇਂ ਦਾਣਿਆਂ ਦੀਆਂ ਟੈਂਕੀਆਂ ਦੇ ਮੂੰਹ ਵਾਲੇ ਹੇਠਲੇ ਢੱਕਣ ਖੁੱਲ੍ਹੇ ਪਏ ਸੀ ਤੇ ਕੁਝ ਦਾਣੇ ਬਾਹਰ ਖਿੰਲਰੇ ਪਏ ਸੀ, ਜਿਸ ਸਬੰਧੀ ਆਸ-ਪਾਸ ਤੇ ਪਿੰਡ ਦੇ ਦੁਕਾਨਦਾਰਾਂ ਤੋਂ ਪੁੱਛਗਿੱਛ ਕੀਤੀ ਤਾਂ ਪਤਾ ਲੱਗਿਆ ਕਿ ਕਾਲਾ ਸਿੰਘ ਪੁੱਤਰ ਮੰਗਾ ਸਿੰਘ, ਅਰਸ਼ਦੀਪ ਸਿੰਘ ਪੁੱਤਰ ਸਤਪਾਲ ਸਿੰਘ ਵਾਸੀਆਨ ਚੱਕ ਪਾਲੀਵਾਲਾ ਤੇ ਗੁਰਸੇਵਕ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀਚੱਕ ਲੱਖੋਕੇ ਉਰਫ ਚੱਕ ਬੁੱਧੋਕੇ ਨੇ ਕਣਕ ਚੋਰੀ ਕੀਤੀ ਹੈ, ਜਿਸ ਸਬੰਧੀ ਮੁਦੱਈ ਸੁਖਦੇਵ ਸਿੰਘ ਵੱਲੋਂ ਦਿੱਤੇ ਬਿਆਨਾਂ ਦੇ ਅਧਾਰ 'ਤੇ ਪੁਲਸ ਨੇ ਕਾਲਾ ਸਿੰਘ, ਅਰਸ਼ਦੀਪ ਸਿੰਘ ਤੇ ਗੁਰਸੇਵਕ ਸਿੰਘ ਖਿਲਾਫ ਪਰਚਾ ਦਰਜ ਕੀਤਾ ਹੈ।

20 ਲੱਖ ਦਾ ਲੋਹਾ ਖੁਰਦ-ਬੁਰਦ ਕਰਨ ਦੇ ਦੋਸ਼ 'ਚ ਮਾਮਲਾ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੰਡੀ ਗੋਬਿੰਦਗੜ੍ਹ ਦੀ ਇੱਕ ਫਰਮ ਤੋਂ ਟਰੱਕ 'ਚ ਲੋਡ ਕੀਤਾ ਕਰੀਬ 30 ਟਨ ਲੋਹਾ ਖੁਰਦ ਬੁਰਦ ਕਰਨ ਦੇ ਦੋਸ਼ '

page-6-23-(JULY)-2023-G-(BV)31.qxd 7/22/2023 10:17 PM Page 1

ਡੇਰਾ ਬਾਬਾ ਨਾਨਕ ਦਾ ਬਿਜਲੀ ਘਰ ਪਾਣੀ 'ਚ ਡੁੱਬਾ, ਸਾਰਾ ਦਿਨ ਬਿਜਲੀ ਰਹੀ ਬੰਦ

ਡੇਰਾ ਬਾਬਾ ਨਾਨਕ (ਰਮਸ਼ ਸ਼ਰਮਾ)-ਅੱਜ ਸਵੇਰ ਤੋਂ ਹੋ ਰਹੀ ਭਾਰੀ ਬਾਰਸ਼ ਕਾਰਨ ਮੀਂਹ ਅਤੇ ਸੀਵਰੇਜ ਦਾ ਪਾਣੀ ਡੇਰਾ ਬਾਬਾ ਨਾਨਕ ਦੇ ਬਿਜਲੀ ਘਰ ਵਿੱਚ ਵੜ ਗਿਆ, ਜਿਸ ਕਾਰਨ ਸਬ ਸਟੇਸ਼ਨ ਡੇਰਾ ਬਾਬਾ ਨਾਨਕ ਤੋਂ ਚਲਦੇ ਸਾਰੇ ਫੀਡਰਾਂ ਦੀ ਬਿਜਲੀ ਦੀ ਸਪਲਾਈ ਸਾਰਾ ਦਿਨ ਬੰਦ ਰਹੀ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਬ ਸਟੇਸ਼ਨ ਦੇ ਐਸਐਸਓ ਜਸਬੀਰ ਸਿੰਘ, ਜੇਈ ਬਲਦੇਵ ਰਾਜ ਅਤੇ ਪਾਵਰਕਾਮ ਦੇ ਹੋਰ ਕਰਮਚਾਰੀਆਂ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਦਾ ਬਿਜਲੀ ਘਰ ਜੀ ਟੀ ਰੋਡ ਤੋਂ ਨੀਵਾਂ ਹੋਣ ਕਰਕੇ ਜਦੋਂ ਵੀ ਕਦੇ ਬਰਸਾਤ ਹੁੰਦੀ ਹੈ ਤਾਂ ਬਰਸਾਤ ਦੇ ਪਾਣੀ ਦੇ ਨਾਲ-ਨਾਲ ਡੇਰਾ ਬਾਬਾ ਨਾਨਕ ਦੇ ਸੀਵਰੇਜ ਦਾ ਪਾਣੀ ਵੀ ਸਬ ਸਟੇਸ਼ਨ ਵਿੱਚ ਅਕਸਰ ਹੀ ਵੜ ਜਾਂਦਾ ਹੈ, ਜੋ ਬਿਜਲੀ ਦੀ ਸਪਲਾਈ ਨੂੰ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਤਾਂ ਬਰਸਾਤ ਦਾ ਪਾਣੀ ਕੁਝ ਟਾਇਮ ਬਾਅਦ ਨਾਲ ਲੱਗਦੀ ਮੰਡੀ ਵਿੱਚ ਚਲਾ ਜਾਂਦਾ ਸੀ, ਪਰ ਹੁਣ ਮੰਡੀਕਰਨ ਬੋਰਡ ਵੱਲੋਂ ਆਪਣੀ ਜਗ੍ਹਾ ਵਿੱਚ ਮਿੱਟੀ ਪਾ ਕੇ ਮੰਡੀ ਉੱਚੀ ਕਰ ਲਈ ਗਈ ਹੈ, ਜਿਸ ਕਾਰਣ ਪਾਣੀ ਨੂੰ ਨਿਕਲਣ ਦਾ ਰਸਤਾ ਨਹੀਂ ਮਿਲਿਆਂ ਤੇ ਪਾਣੀ ਸਬ ਸਟੇਸ਼ਨ ਦੇ ਗਰਿੱਡਾਂ ਵਿੱਚ ਵੜ ਗਿਆ, ਇਸ ਲਈ ਬਿਜਲੀ ਦੀ ਸਪਲਾਈ ਬੰਦ ਕਰ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਕਈ ਵਾਰੀ ਜਾਣੂ ਕਰਵਾਇਆ ਗਿਆ ਹੈ, ਪਰ ਅੱਜ ਤੱਕ ਕਿਸੇ ਵੀ ਉੱਚ ਅਧਿਕਾਰੀ ਵੱਲੋਂ ਇਸ ਬੇਸਹਾਰਾ ਸਬ ਸਟੇਸ਼ਨ ਦੀ ਸਾਰ ਨਹੀਂ ਲਈ ਗਈ। ਉਨ੍ਹਾਂ ਅੱਜ ਫਿਰ ਪਾਵਰਕਾਮ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਸਾਡੇ ਡੇਰਾ ਬਾਬਾ ਨਾਨਕ ਦੇ ਬੇਸਹਾਰਾ ਬਿਜਲੀ ਘਰ ਨੂੰ ਜੀ ਟੀ ਰੋਡ ਤੋਂ ਉੱਚਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਨਿਰਵਿਘਨ ਬਿਜਲੀ ਦੀ ਸਪਲਾਈ ਦਿੱਤੀ ਜਾ ਸਕੇ।

ਇਸ ਮੌਕੇ ਡੇਰਾ ਬਾਬਾ ਨਾਨਕ ਦੇ ਸਮੂਹ ਪਾਵਰਕਾਮ ਮੁਲਾਜ਼ਮਾਂ ਵੱਲੋਂ ਸਬ ਸਟੇਸ਼ਨ ਦੀ ਬਿਲਡਿੰਗ ਅੱਗੇ ਮਿੱਟੀ ਦੀਆਂ ਬੋਰੀਆਂ ਲਗਾ ਕੇ ਬੜੀ ਮੁਸ਼ਕਲ ਨਾਲ ਪਾਣੀ ਨੂੰ ਰੋਕਣ ਵਿੱਚ ਸਫਲਤਾਂ ਹਾਸਲ ਕੀਤੀ। ਇਸ ਮੌਕੇ ਐਸਡੀਓ ਤਰਲੋਕ ਸਿੰਘ, ਜੇਈ ਬਲਦੇਵ ਸਿੰਘ, ਜੇਈ ਚੰਦਰ ਮੋਹਨ ਮਹਾਜਨ, ਜੇਈ ਰਜਿੰਦਰ ਸਿੰਘ, ਜੇਈ ਹੀਰਾ ਲਾਲ, ਜੇਈ ਹਰਜੀਤ ਸਿੰਘ ਜੋਸ, ਜੇਈ ਰਜਵੰਤ ਸਿੰਘ, ਲਾਇਨਮੈਨ ਰੁਪਿੰਦਰ ਕੁਮਾਰ, ਜਸਪਾਲ ਤੋਂ ਇਲਾਵਾ ਪਾਵਰਕਾਮ ਦੇ ਸਮੂਹ ਕਰਮਚਾਰੀ ਹਾਜ਼ਰ ਸਨ।

ਸੇਂਟ ਕਬੀਰ ਸਕੂਲ ਦੇ ਦਸਵੀਂ ਤੇ ਬਾਰ੍ਹਵੀਂ ਦੇ ਹੋਣਹਾਰ ਵਿਦਿਆਰਥੀਆਂ ਦਾ ਜ਼ਿਲ੍ਹਾ ਪੱਧਰੀ ਸਨਮਾਨ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਮਿਹਨਤ ਤੇ ਲਗਨ ਦੇ ਜਜ਼ਬੇ ਨਾਲ ਭਰੇ ਵਿਦਿਆਰਥੀ ਹਮੇਸ਼ਾ ਹੀ ਲੱਖਾਂ ਦੀ ਭੀੜ ਵਿੱਚੋਂ ਅਲੱਗ ਪਹਿਚਾਣੇ ਜਾਂਦੇ ਹਨ। ਇਸੇ ਤਰ੍ਹਾਂ ਦੇ ਉਤਸ਼ਾਹ ਨਾਲ ਭਰੇ ਦਸਵੀਂ ਦੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਕਾਬਲੀਅਤ ਨੂੰ ਉਤਸ਼ਾਹਿਤ ਕਰਨ ਲਈ ਡਾ: ਹਿਮਾਂਸ਼ੂ ਅਗਰਵਾਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਸਮਰਪਣ ਕਮੇਟੀ ਵੱਲੋਂ ਜ਼ਿਲ੍ਹਾ ਪੱਧਰੀ ਸਨਮਾਨ ਸਮਾਰੋਹ ਪ੍ਰੋਗਰਾਮ ਆਯੋਜਨ ਕੀਤਾ ਗਿਆ।

ਇਸ ਸਮਾਰੋਹ ਦੌਰਾਨ ਅਰਵਿੰਦ ਕੁਮਾਰ ਐਸਡੀਐਮ ਦੀਨਾਨਗਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੀਨੀ: ਸੈਕੰਡਰੀ) ਅਮਰਜੀਤ ਸਿੰਘ ਭਾਟੀਆ ਵੱਲੋਂ ਦਸਵੀਂ ਦੇ ਬਾਰ੍ਹਵੀਂ ਜਮਾਤ ਦੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਅਤੇ ਹੋਰ ਗਤੀਵਿਧੀਆਂ ਵਿੱਚ ਮੱਲਾਂ ਮਾਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦੇ ਪ੍ਰਿੰਸੀਪਲ ਐਸ. ਬੀ. ਨਾਯਰ ਅਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਦੱਸਿਆ ਕਿ ਬਾਰ੍ਹਵੀਂ ਜਮਾਤ ਵਿੱਚ ਸਾਡੇ ਸਕੂਲ ਦੇ ਪੰਜ ਵਿਦਿਆਰਥੀਆਂ ਹਰਮਨਦੀਪ ਕੌਰ (96.4%), ਵੀਰਪਾਲ ਕੌਰ (95.6%), ਹਰਮਨਪ੍ਰੀਤ ਕੌਰ (95.4%), ਸਿਮਰਨਜੀਤ ਕੌਰ (95.4%), ਸੁਨੈਨਾ ਠਾਕੁਰ (95%) ਤੇ ਦਸਵੀਂ ਜਮਾਤ ਦੇ ਸੱਤ ਵਿਦਿਆਰਥੀਆਂ ਜਪਮਨਜੋਤ (97.6%), ਬਿਕਰਮਜੋਤ ਸਿੰਘ (96.8%), ਐਸ਼ਮਨਮੀਤ ਸਿੰਘ (96.2%), ਅਰਸਦੀਪ ਕੌਰ (95%), ਚੰਦਨਪ੍ਰੀਤ ਕੌਰ (95.6%), ਗੁਰਸਿਮਰਨ ਕੌਰ (95.2%) ਤੇ ਸ਼ਮਨਜੋਤ ਸਿੰਘ (95.2%) ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ 26 ਜਨਵਰੀ ਮੌਕੇ ਸਕੂਲ ਮੁਕਾਬਲਿਆਂ ਦੌਰਾਨ ਸ਼ਾਨਦਾਰ ਪੇਸ਼ਕਾਰੀ ਕਰਕੇ ਜ਼ਿਲ੍ਹੇ ਵਿੱਚੋਂ ਦੂਜੇ ਸਥਾਨ ਤੇ ਰਹੀ ਸੇਂਟ ਕਬੀਰ ਸਕੂਲ ਦੀ ਕੋਰੀਓਗ੍ਰਾਫੀ ਟੀਮ ਨੂੰ ਵੀ ਸਨਮਾਨ ਚਿੰਨ੍ਹ ਭੇਟ ਕਰਕੇ ਉਤਸ਼ਾਹਿਤ ਕੀਤਾ ਗਿਆ। ਇਸ ਕੋਰੀਓਗ੍ਰਾਫੀ ਟੀਮ ਵਿੱਚ ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਨੰਦਨੀ, ਸੁਰਬੀ, ਤਾਨੀਆ, ਦਮਨਪ੍ਰੀਤ ਕੌਰ, ਜਪਨੀਤ ਕੌਰ, ਪਲਕਪ੍ਰੀਤ ਕੌਰ, ਦਮਨਪ੍ਰੀਤ ਕੌਰ, ਗੁਰਲੀਨ ਕੌਰ, ਅਵਨੀਤ ਕੌਰ, ਗੁਰਸਿਮਰਨ ਕੌਰ ਤੇ ਅੰਸਿਕਾ ਠਾਕੁਰ ਵਿਦਿਆਰਥਣਾਂ ਸਾਮਲ ਸਨ। ਇਸ ਵਿਸ਼ੇਸ਼ ਸਮਾਰੋਹ ਮੌਕੇ ਹੋਣਹਾਰ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਦਾ ਵੀ ਪੂਰੇ ਸਰਕਾਰੀ ਪ੍ਰਬੰਧਾਂ ਅਧੀਨ ਦੁਪਹਿਰ ਦੇ ਖਾਣੇ ਦਾ ਖਾਸ ਪ੍ਰਬੰਧ ਕੀਤਾ ਗਿਆ।

ਸਮੁੱਚੇ ਤੌਰ ਤੇ ਸੂਬਾ ਸਰਕਾਰ ਤੇ ਜ਼ਿਲ੍ਹਾ ਪ੍ਰਬੰਧਕ ਦੇ ਇਸ ਉਚੇਚੇ ਯਤਨਾਂ ਨਾਲ ਮਿਹਨਤੀ ਵਿਦਿਆਰਥੀਆਂ ਦੀ ਕਾਬਲੀਅਤ ਨੂੰ ਉਤਸ਼ਾਹਿਤ ਕੀਤਾ ਗਿਆ। ਇਸ ਮੌਕੇ ਐਸ. ਡੀ. ਐਮ ਅਰਵਿੰਦ ਕੁਮਾਰ ਨੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਤੋਂ ਭਵਿੱਖ ਵਿੱਚ ਉੱਚ ਮੁਕਾਮ 'ਤੇ ਪਹੁੰਚਣ ਦੀ ਉਮੀਦ ਜ਼ਾਹਰ ਕੀਤੀ। ਇਸ ਮੌਕੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਸਮੇਤ ਮੈਡਮ ਰਵਿੰਦਰ ਕੌਰ, ਦਮਨਬੀਰ ਸਿੰਘ ਖਾਸ ਤੌਰ 'ਤੇ ਸ਼ਾਮਲ ਸਨ।

ਦਲਬੀਰ ਕੌਰ ਕਾਦੀਆਂ ਮਹਿਲਾ ਮੋਰਚਾ ਦੀ ਮੰਡਲ ਪ੍ਰਧਾਨ ਨਿਯੁਕਤ

ਕਾਦੀਆਂ (ਯਾਦਵਿੰਦਰ ਸਿੰਘ)-ਭਾਰਤੀ ਜਨਤਾ ਪਾਰਟੀ ਮੰਡਲ ਕਾਦੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਮੰਡਲ ਪ੍ਰਧਾਨ ਗੌਰਵ ਰਾਜਪੂਤ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਗੁਰਮੀਤ ਕੌਰ ਅਤੇ ਸੀਨੀਅਰ ਭਾਜਪਾ ਆਗੂ ਕਸ਼ਮੀਰ ਸਿੰਘ ਰਾਜਪੂਤ ਹਾਜ਼ਰ ਸਨ। ਜਾਣਕਾਰੀ ਦਿੰਦਿਆਂ ਭਾਜਪਾ ਮੰਡਲ ਪ੍ਰਧਾਨ ਗੌਰਵ ਰਾਜਪੂਤ ਨੇ ਦੱਸਿਆ ਕਿ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸ਼ਿਵਬੀਰ ਸਿੰਘ ਬੋਪਾਰਾਏ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਦਲਬੀਰ ਕੌਰ ਨੂੰ ਮੰਡਲ ਕਾਦੀਆਂ ਦੀ ਮਹਿਲਾ ਮੋਰਚਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਮੀਟਿੰਗ ਵਿੱਚ ਮੰਡਲ ਪ੍ਰਧਾਨ ਗੌਰਵ ਰਾਜਪੂਤ ਵੱਲੋਂ ਦਲਬੀਰ ਕੌਰ ਨੂੰ ਰਵਾਇਤੀ ਤੌਰ 'ਤੇ ਪਾਰਟੀ ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਕਸ਼ਮੀਰ ਸਿੰਘ ਰਾਜਪੂਤ ਨੇ ਦੱਸਿਆ ਕਿ ਦਲਬੀਰ ਕੌਰ ਦਾ ਪਰਿਵਾਰ ਪਿਛਲੇ ਲੰਮੇ ਸਮੇਂ ਤੋਂ ਇਲਾਕੇ ਵਿੱਚ ਸਮਾਜ ਸੇਵੀ ਕੰਮਾਂ ਵਿੱਚ ਆਪਣੀ ਭੂਮਿਕਾ ਨਿਭਾ ਰਿਹਾ ਹੈ। ਨਵ-ਨਿਯੁਕਤ ਮਹਿਲਾ ਮੋਰਚਾ ਪ੍ਰਧਾਨ ਦਲਬੀਰ ਕੌਰ ਨੇ ਪਾਰਟੀ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੇ ਪਾਰਟੀ ਪ੍ਰੋਗਰਾਮਾਂ ਅਤੇ ਚੋਣਾਂ ਵਿੱਚ ਸੇਵਾਵਾਂ ਦੇਣ ਦਾ ਭਰੋਸਾ ਦਿੱਤਾ। ਮੀਟਿੰਗ ਵਿੱਚ ਭਾਜਪਾ ਮੰਡਲ ਕਾਦੀਆਂ ਦੇ ਮੀਤ ਪ੍ਰਧਾਨ ਅਨੀਸ਼ ਬਲੱਗਣ, ਅਮਿਤ ਲੂਥਰਾ ਜਨਰਲ ਸਕੱਤਰ, ਰਜਨੀਸ਼ ਮਹਾਜਨ ਸਕੱਤਰ, ਸਤੀਸ਼ ਸੂਰੀ, ਗੌਰਵ ਸ਼ਰਮਾ ਲਾਹੌਰੀਆ ਮਹਿਲਾ ਮੋਰਚਾ ਪ੍ਰਧਾਨ ਦਲਬੀਰ ਕੌਰ, ਅਜੀਤ ਸਿੰਘ, ਸ਼ਾਮ ਕੌਰ, ਜੋਗਿੰਦਰ ਕੌਰ, ਹਰਪਾਲ ਕੌਰ, ਹਰਜਿੰਦਰ ਕੌਰ, ਸੰਦੀਪ ਕੌਰ, ਸੁਰਿੰਦਰਪਾਲ ਕੌਰ ਆਦਿ ਹਾਜ਼ਰ ਸਨ।

ਅਰਸ਼ਪ੍ਰੀਤ ਸਿੰਘ ਵੱਲੋਂ ਆਈਲੈਟਸ 'ਚ 7.5 ਬੈਂਡ ਹਾਸਲ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਇਲਾਕੇ ਦੀ ਨਾਮਵਰ ਸੰਸਥਾ ਇੰਪੀਰਿਆ ਇੰਸਟੀਚਿਊਟ, ਗੋਇੰਦਵਾਲ ਸਾਹਿਬ ਡਾਕਟਰ ਰਮਨਦੀਪ ਕੌਰ ਰੰਧਾਵਾ ਦੇ ਦਿਸ਼ਾ ਨਿਰਦੇਸ਼ ਹੇਠ ਚੱਲ ਰਹੀ ਹੈ, ਜਿਨ੍ਹਾਂ ਨੇ ਖੁਦ ਵੀ ਆਈਲੈਟਸ ਦੇ ਰੀਡਿੰਗ ਵਿੱਚ 9 ਬੈਂਡ ਅਤੇ ਓਵਰਆਲ 8.5 ਬੈਂਡ ਹਾਸਲ ਕੀਤੇ ਹੋਏ ਹਨ। ਇਸ ਸੰਸਥਾ ਦੇ ਵਿਦਿਆਰਥੀ ਅਰਸ਼ਪ੍ਰੀਤ ਸਿੰਘ ਨੇ ਆਈਲੈਟਸ ਵਿੱਚ ਰੀਡਿੰਗ ਅਤੇ ਲਿਸਨਿੰਗ ਵਿੱਚ 7.5 ਅਤੇ ਓਵਰਆਲ 7.0 ਬੈਂਡ ਹਾਸਲ ਕਰਕੇ ਆਪਣੇ ਮਾਤਾ-ਪਿਤਾ ਅਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਕਾਮਯਾਬੀ ਦਾ ਸਿਹਰਾ ਸੰਸਥਾ ਦੇ ਮੁਖੀ ਰਵਿੰਦਰ ਕੋਰ ਅਤੇ ਉੱਚਕੋਟੀ ਦੇ ਅਧਿਆਪਕ ਜੋ ਕਿ ਆਈਲੈਟਸ ਵਿੱਚ 8 ਬੈਂਡ ਤੋਂ ਵੱਧ ਹਾਸਲ ਕਰ ਚੁੱਕੇ ਹਨ ਅਤੇ ਮਾਸਟਰ ਡਿਗਰੀ ਹੋਲਡਰ ਹਨ ਦੀ ਯੋਗ ਅਗਵਾਈ ਨੂੰ ਜਾਂਦਾ ਹੈ।

ਉਨ੍ਹਾਂ ਅਰਸ਼ਪ੍ਰੀਤ ਸਿੰਘ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਸਾਡੀ ਸੰਸਥਾ ਇਸ ਤਰ੍ਹਾਂ ਵਿਦਿਆਰਥੀਆਂ ਨੂੰ ਕਾਮਯਾਬ ਕਰਨ ਲਈ ਵਚਨਬੱਧ ਰਹੇਗੀ।

ਪੀਰ ਬਾਬਾ ਖਾਕੀ ਸ਼ਾਹ ਦਾ ਸਾਲਾਨਾ ਸੱਭਿਆਚਾਰਕ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਪਿੰਡ ਸੋਹਲ ਵਿਖੇ ਪੀਰ ਬਾਬਾ ਖਾਕੀ ਸ਼ਾਹ ਦਾ ਸਾਲਾਨਾ ਦੋ ਰੋਜ਼ਾ ਸੱਭਿਆਚਾਰਕ ਜੋੜ ਮੇਲਾ ਸਮਾਪਤ ਹੋ ਗਿਆ। ਸ਼ੁੱਕਰਵਾਰ ਨੂੰ ਪ੍ਰਸਿੱਧ ਪੰਜਾਬੀ ਗਾਇਕ ਗੁਲਾਬ ਸਿੱਧੂ ਨੇ ਸਰੋਤਿਆਂ ਨੂੰ ਬੈਠਣ ਲਈ ਮਜਬੂਰ ਕਰੀ ਰੱਖਿਆ। ਮੇਲੇ ਦੀ ਸਮਾਪਤੀ ਵਾਲੇ ਦਿਨ ਪੰਜਾਬ ਦੀਆਂ ਨਾਮਵਰ ਟੀਮਾਂ ਵਿੱਚਕਾਰ ਕਬੱਡੀ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਘਰਿਆਲਾ ਕਬੱਡੀ ਕਲੱਬ ਕਲਸੀ ਤੇ ਬਾਬਾ ਬਿਧੀ ਚੰਦ ਸਪੋਰਟਸ ਕਲੱਬ ਸੁਰਸਿੰਘ ਨੇ ਹਿੱਸਾ ਲਿਆ ਅਤੇ ਜਿੱਤ ਦਾ ਖਿਤਾਬ ਬਾਬਾ ਬਿਧੀ ਚੰਦ ਸਪੋਰਟਸ ਕਲੱਬ ਨੇ ਆਪਣੇ ਨਾਂਅ ਕੀਤਾ।

ਮੇਲੇ ਵਿੱਚ ਕੈਬਨਿਟ ਮੰਤਰੀ ਬਲਕਾਰ ਸਿੰਘ ਤੇ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਮੰਤਰੀ ਨੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਰਾਜ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਦ੍ਰਿੜ ਸੰਕਲਪ ਹੈ ਅਤੇ ਨਸ਼ਿਆਂ ਦੀ ਮਾੜੀ ਆਦਤ ਦਾ ਸ਼ਿਕਾਰ ਹੋ ਚੁੱਕੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਬਾਹਰ ਕੱਢਣ ਅਤੇ ਉਨ੍ਹਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਪਿੰਡ ਪੱਧਰ 'ਤੇ ਜਿੰਮ ਖੋਲ੍ਹੇ ਜਾਣਗੇ।

ਦਰਗਾਹ 'ਤੇ ਨਤਮਸਤਕ ਹੋਣ ਤੋਂ ਬਾਅਦ ਖੇਡ ਸਟੇਡੀਅਮ ਵਿੱਚ ਲੋਕਾਂ ਦੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਪਿੰਡ ਸੋਹਲ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨੇ ਸੂਬੇ ਵਿੱਚ ਆਏ ਹੜ੍ਹਾਂ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕੁਦਰਤੀ ਆਫ਼ਤ ਵਿੱਚ ਆਪਣੇ ਲੋਕਾਂ ਨਾਲ ਡਟ ਕੇ ਖੜ੍ਹੀ ਹੈ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਦਰਪੇਸ਼ ਮੁਸ਼ਕਲਾਂ ਵੀ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ, ਜਿਨ੍ਹਾਂ ਦਾ ਕੈਬਨਿਟ ਮੰਤਰੀ ਨੇ ਹਰ ਸੰਭਵ ਹੱਲ ਦਾ ਭਰੋਸਾ ਦਿੱਤਾ।

ਭੇਦਭਰੀ ਹਾਲਤ 'ਚ ਨੌਜਵਾਨ ਦਾ ਕਤਲ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਥਾਨਕ ਸ਼ਹਿਰ ਅਜਨਾਲਾ ਦੀ ਦਾਣਾ ਮੰਡੀ ਵਿਖੇ ਇੱਕ ਨੌਜਵਾਨ ਦੀ ਲਾਸ਼ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਮੌਕੇ 'ਤੇ ਪਹੁੰਚੇ ਪੁਲਸ ਥਾਣਾ ਅਜਨਾਲਾ ਦੇ ਐੱਸਐੱਚਓ ਇੰਸਪੈਕਟਰ ਮੁਖਤਿਆਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜਨਾਲਾ ਦੀ ਦਾਣਾ ਮੰਡੀ 'ਚੋਂ ਇਕ ਨੌਜਵਾਨ ਦੀ ਲਾਸ਼ ਮਿਲੀ ਹੈ, ਜਿਸ ਦੀ ਸ਼ਨਾਖਤ ਪ੍ਰਦੀਪ ਕੁਮਾਰ ਮਹਾਜਨ ਉਰਫ਼ ਸ਼ੇਰੂ ਪੁੱਤਰ ਸੁਧੀਰ ਕੁਮਾਰ ਵਾਰਡ ਨੰਬਰ 2 ਅਜਨਾਲਾ ਵਜੋਂ ਹੋਈ ਹੈ। ਮ੍ਰਿਤਕ ਦੇ ਮੂੰਹ ਅਤੇ ਸਿਰ 'ਤੇ ਸੱਟਾਂ ਦੇ ਕਾਫੀ ਨਿਸ਼ਾਨ ਹਨ ਤੇ ਲਾਸ਼ ਦੇ ਨਜ਼ਦੀਕ ਹੀ ਇੱਕ ਪੁਰਾਣਾ ਚਾਕੂ ਅਤੇ ਟੁੱਟੀ ਹੋਈ ਬੋਤਲ ਤੋਂ ਇਲਾਵਾ ਮ੍ਰਿਤਕ ਦਾ ਮੋਬਾਈਲ ਫੋਨ ਪਿਆ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੁਲਸ ਵਲੋਂ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਕੇ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਪੁਲਸ ਦਾ ਕਹਿਣਾ ਹੈ ਕਿ ਜੋ ਵੀ ਇਸ ਮਾਮਲੇ 'ਚ ਮੁਲਜ਼ਮ ਪਾਇਆ ਗਿਆ, ਉਸਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਪ੍ਰਦੀਪ ਕੁਮਾਰ ਦੇ ਸਿਰ ਅਤੇ ਮੂੰਹ 'ਤੇ ਲੱਗੀਆਂ ਗੰਭੀਰ ਸੱਟਾਂ ਤੋਂ ਸਾਫ ਜ਼ਾਹਰ ਹੈ ਕਿ ਉਸ ਦਾ ਕਤਲ

23-July-Page-7.qxd 7/22/2023 10:14 PM Page 1

ਉਧਾਰ ਲਏ ਸਵਾ 8 ਲੱਖ ਰੁਪਏ ਨਾ ਮੋੜਨ 'ਤੇ ਮਾਮਲਾ ਦਰਜ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)- ਇਕ ਆਸਟ੍ਰੇਲੀਆ ਨਿਵਾਸੀ ਤੋਂ ਉਧਾਰ ਅਤੇ ਜ਼ਬਰੀ ਪ੍ਰਾਪਤੀ ਦੇ ਤੌਰ 'ਤੇ ਲਈ ਸਵਾ 8 ਲੱਖ ਰੁਪਏ ਦੀ ਰਾਸ਼ੀ ਵਾਪਸ ਨਾ ਕਰਨ ਅਤੇ ਧਮਕੀਆਂ ਦੇਣ ਦੇ ਦੋਸ਼ ਹੇਠ ਨੂਰਪੁਰਬੇਦੀ ਪੁਲਸ ਨੇ 1 ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜ਼ਿਲ੍ਹਾ ਪੁਲਸ ਮੁਖੀ ਰੂਪਨਗਰ ਨੂੰ ਦਿੱਤੀ ਸ਼ਿਕਾਇਤ 'ਚ ਕਰਨਵੀਰ ਪਾਲ ਸਿੰਘ ਪੁੱਤਰ ਅਜੀਤ ਸਿੰਘ ਨਿਵਾਸੀ ਸਿਡਨੀ, ਆਸਟ੍ਰੇਲੀਆ ਹਾਲ ਨਿਵਾਸੀ ਵਿਲਾ ਨੰਬਰ 21, ਪੋਲ ਹੋਮਸ, ਸੈਕਟਰ 125 ਖਰੜ ਨੇ ਦੱਸਿਆ ਕਿ ਸਾਲ 2022 'ਚ ਉਸਨੇ ਆਪਣੇ ਇਕ ਰਿਸ਼ਤੇਦਾਰ ਕਰਨਵੀਰ ਸਿੰਘ ਉਰਫ ਸੋਨੂੰ ਪੁੱਤਰ ਜੋਗਿੰਦਰ ਸਿੰਘ ਨਿਵਾਸੀ ਗੋਚਰ ਨੂੰ ਵਿਦੇਸ਼ ਤੋਂ 3 ਮਹੀਨੇ ਲਈ 8 ਲੱਖ ਰੁਪਏ ਉਧਾਰ ਦਿੱਤੇ ਸਨ। ਜੋ ਉਸ ਵੱਲੋਂ ਵਿਦੇਸ਼ੀ ਖਾਤੇ 'ਚੋਂ ਭੇਜੇ ਗਏ ਸਨ। ਜਦੋਂ 3 ਮਹੀਨੇ ਬਾਅਦ ਉਸਨੇ ਕਰਨਵੀਰ ਸਿੰਘ ਉਰਫ ਸੋਨੂੰ ਤੋਂ ਆਪਣੇ ਪੈਸੇ ਵਾਪਸ ਮੰਗੇ ਤਾਂ ਉਹ ਅੱਗੇ ਤੋਂ ਟਾਲ-ਮਟੋਲ ਕਰਦਾ ਰਿਹਾ। ਹੁਣ ਜਦੋਂ 15 ਦਿਨ ਪਹਿਲਾਂ ਭਾਰਤ ਆ ਕੇ ਉਸ ਨੇ ਆਪਣੇ ਪੈਸੇ ਵਾਪਸ ਕਰਨ ਸੰਬੰਧੀ ਕਿਹਾ ਤਾਂ ਉਸਨੇ ਅਸਲਾ ਕੱਢ ਕੇ ਸ਼ਿਕਾਇਤਕਰਤਾ ਨੂੰ ਗੋਲੀ ਮਾਰਨ ਦੀਆਂ ਧਮਕੀਆਂ ਦਿੱਤੀਆਂ। ਜਿਸ ਸੰਬੰਧੀ ਥਾਨੇ 'ਚ ਵੀ ਸੂਚਿਤ ਕੀਤਾ ਗਿਆ ਸੀ। ਉਸਨੇ ਕਿਹਾ ਕਿ ਕਰਨਵੀਰ ਸਿੰਘ ਉਰਫ ਸੋਨੂੰ ਖੁੱਦ ਅਤੇ ਆਪਣੇ ਕਿਸੀ ਬੰਦਿਆਂ ਤੋਂ ਫੋਨ ਕਰਵਾ ਕੇ ਉਸਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਹੈ। ਡੀ ਐੱਸ ਪੀ (ਸਪੈਸ਼ਲ ਕ੍ਰਾਈਮ) ਨੇ ਉਕਤ ਮਾਮਲੇ ਦੀ ਪੜਤਾਲ ਰਿਪੋਰਟ 'ਚ ਲਿਖਿਆ ਕਿ ਕਰਨਵੀਰ ਸਿੰਘ ਉਰਫ ਸੋਨੂੰ ਨੇ 13 ਅਕਤੂਬਰ 2021 ਤੋਂ ਲੈ ਕੇ 29 ਅਪ੍ਰੈਲ 2022 ਤੱਕ ਸ਼ਿਕਾਇਤਕਰਤਾ ਤੋਂ ਉਧਾਰ ਅਤੇ ਜ਼ਬਰੀ ਪ੍ਰਾਪਤੀ ਦੇ ਤੌਰ 'ਤੇ 8 ਲੱਖ 24 ਹਜ਼ਾਰ 406 ਰੁਪਏ ਲਏ ਸਨ। ਉਨ੍ਹਾਂ ਕਿਹਾ ਕਿ ਕਰਨਵੀਰ ਸਿੰਘ ਉਰਫ ਸੋਨੂੰ ਵੱਲੋਂ ਸ਼ਿਕਾਇਤਕਰਤਾ ਪਰ ਜੋ ਪੈਸੇ ਖਰਚ ਕਰਨ ਸੰਬੰਧੀ ਦਿਖਾਇਆ ਗਿਆ ਹੈ ਨੂੰ ਸਾਬਤ ਕਰਨ 'ਚ ਅਸਫਲ ਰਿਹਾ ਹੈ ਅਤੇ ਆਸਟ੍ਰੇਲੀਆ ਨਿਵਾਸੀ ਤੋਂ ਦਬਾਓ ਪਾ ਕੇ ਉਧਾਰ ਕਹਿ ਕੇ ਲਈ ਰਕਮ ਵਾਪਸ ਨਹੀਂ ਕੀਤੀ ਹੈ। ਨੂਰਪੁਰਬੇਦੀ ਪੁਲਸ ਨੇ ਕਰਨਵੀਰ ਸਿੰਘ ਉਰਫ ਸੋਨੂੰ ਪੁੱਤਰ ਜੋਗਿੰਦਰ ਸਿੰਘ ਨਿਵਾਸੀ ਗੋਚਰ ਦੇ ਖਿਲਾਫ ਧਾਰਾ 384, 406 ਅਤੇ 411 ਤਹਿਤ ਮਾਮਲਾ ਦਰਜ ਕਰ ਲਿਆ ਹੈ।

ਸੇਂਟ ਸੋਲਜਰ ਕਾਲਜ ਦਾਨਿਸ਼ਮੰਦਾਂ 'ਚ ਨਵਾਂ ਸੈਸ਼ਨ ਸੁਖਮਨੀ ਸਾਹਿਬ ਦੇ ਪਾਠ ਨਾਲ ਸ਼ੁਰੂ

ਜਲੰਧਰ, (ਇਕਬਾਲ ਸਿੰਘ ਉੱਭੀ)- ਸੇਂਟ ਸੋਲਜਰ ਕਾਲਜ ਬਸਤੀ ਦਾਨਿਸ਼ਮੰਦਾ ਵਿੱਚ +1, +2, ਬੀ.ਏ, ਬੀ.ਕਾਮ, ਬੀ.ਐੱਸ.ਸੀ, ਐੱਮ.ਐੱਸ.ਸੀ, ਪੀ.ਜੀ.ਡੀ.ਸੀ.ਏ ਆਦਿ ਕਲਾਸਾਂ ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਸ਼੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾ ਕੀਤੀ ਗਈ। ਮੈਨੇਜਿੰਗ ਡਾਇਰੈਕਟਰ ਪ੍ਰੋ.ਮਨਹਰ ਅਰੋੜਾ, ਕੋ-ਐਡ ਕਾਲਜ ਡਾਇਰੈਕਟਰ ਡਾ.ਵੀਨਾ ਦਾਦਾ, ਕਾਲਜ ਡਾਇਰੈਕਟਰ ਡਾ.ਇੰਦਰਪਾਲ ਸਿੰਘ, ਸਟਾਫ ਮੇ—ਬਰਜ਼, ਸਾਰੇ ਵਿਦਿਆਰਥੀ ਮੌਜੂਦ ਹੋਏ। ਇਸ ਮੌਕੇ 'ਤੇ ਸਭ ਨੇ ਸੁਖਮਨੀ ਸਾਹਿਬ ਦੇ ਪਾਠ ਦਾ ਉਚਾਰਣ ਕੀਤਾ ਅਤੇ ਗੁਰੂ ਸਾਹਿਬ ਵਲੋਂ ਦਿਖਾਏ ਨੇਕ ਰਸਤੇ 'ਤੇ ਚਲਣ ਦਾ ਪ੍ਰਣ ਲਿਆ। ਵਿਦਿਆਰਥੀਆਂ ਦੇ ਉਜਵਲ ਭਵਿੱਖ, ਸੰਸਥਾ ਦੀ ਉੱਨਤੀ ਲਈ ਅਰਦਾਸ ਕੀਤੀ ਗਈ। ਇਸਦੇ ਇਲਾਵਾ ਰਾਗੀ ਭਾਈ ਵਲੋਂ ਸ਼ਬਦ ਕੀਰਤਨ ਕੀਤਾ ਗਿਆ ਅਤੇ ਗੁਰੂ ਦੇ ਲੰਗਰ ਤਿਆਰ ਕਰ ਸਭ ਨੂੰ ਛਕਾਇਆ ਗਿਆ। ਪ੍ਰੋ.ਅਰੋੜਾ ਨੇ ਵਿਦਿਆਰਥੀਆਂ ਦਾ ਸੰਸਥਾ ਵਿੱਚ ਸਵਾਗਤ ਕਰਦੇ ਹੋਏ ਜਿੱਥੇ ਸੰਸਥਾ ਦੇ ਅਨੁਸ਼ਾਸਨ ਅਤੇ ਨਿਯਮਾਂ ਨਾਲ ਜਾਣੂ ਕਰਵਾਇਆ ਅਤੇ ਉਨ੍ਹਾਂਨੇ ਮਨ ਲਗਾ ਕੇ ਪੜ੍ਹਨ ਲਈ ਕਿਹਾ। ਚੇਅਰਮੈਨ ਅਨਿਲ ਚੋਪੜਾ ਨੇ ਸਾਰੇ ਵਿਦਿਆਰਥੀਆਂ ਨੂੰ ਚੰਗੀ ਪੜ੍ਹਾਈ ਕਰਨ ਅਤੇ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਕਿਹਾ ਅਤੇ ਭਰੋਸਾ ਦਿੱਤਾ ਕਿ ਸੰਸਥਾ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਹਰ ਸੰਭਵ ਯਤਨ ਕਰੇਗੀ।

ਸ਼ਹੀਦ ਡਾ. ਗੁਰਦਿਆਲ ਸਿੰਘ ਮੁਠੱਡਾ ਦੀ 36ਵੀਂ ਬਰਸੀ ਮਨਾਈ

ਫਿਲੌਰ (ਨਿਰਮਲ)- ਸ਼ਹੀਦ ਡਾ. ਗੁਰਦਿਆਲ ਸਿੰਘ ਮੁਠੱਡਾ ਦੀ 36ਵੀਂ ਬਰਸੀ ਮੌਕੇ ਇੱਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਦੇਸ਼ 'ਚ ਮੋਦੀ ਦੇ ਆਉਣ ਨਾਲ ਸਿਰਫ ਮਨੀਪੁਰ 'ਚ ਹੀ ਨਹੀਂ ਸਗੋਂ ਦੇਸ ਦੇ ਦੂਜੇ ਭਾਗਾਂ 'ਚ ਵੀ ਘੱਟ ਗਿਣਤੀਆਂ, ਔਰਤਾਂ ਅਤੇ ਦਲਿਤਾਂ ਲਈ ਹੋਰ ਵੀ ਖਤਰੇ ਖੜੇ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਮਾਨ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉਤਰ ਰਹੀ। ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਗੁਰਨਾਮ ਸਿੰਘ ਦਾਊਦ ਨੇ ਇਸ ਮੌਕੇ ਕਿਹਾ ਕਿ ਸਮਾਜ 'ਚ ਕਾਣੀ ਵੰਡ ਹੋਣ ਕਾਰਨ ਦੇਸ਼ ਦਾ ਨਿਮਨ ਵਰਗ ਬਹੁਤ ਹੀ ਪ੍ਰੇਸ਼ਾਨੀ 'ਚੋਂ ਗੁਜਰ ਰਿਹਾ ਹੈ। ਜਮਹੂਰੀ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਕਿਹਾ ਕਿ ਹੜ੍ਹਾਂ ਦੇ ਮਾਮਲੇ 'ਚ ਦੇਸ਼ ਦੇ ਕੁਦਰਤੀ ਵਸੀਲੇ ਲੁੱਟਣ ਵਾਲੇ ਅਤੇ ਅਖੌਤੀ ਵਿਕਾਸ ਮਾਡਲ ਦਾ ਵੀ ਚਿਹਰਾ ਨੰਗਾ ਹੋ ਗਿਆ ਹੈ। ਇਸ ਸਮਾਗਮ ਦੀ ਪ੍ਰਧਾਨਗੀ ਸਰਬਜੀਤ ਗੋਗਾ, ਜਰਨੈਲ ਫਿਲੌਰ ਅਤੇ ਬਲਵਿੰਦਰ ਸਿੰਘ ਦੁਸਾਂਝ ਨੇ ਕੀਤੀ। ਇਸ ਮੌਕੇ ਹੋਰਨਾ ਤੋਂ ਇਲਾਵਾ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਢੇਸੀ, ਸੂਬਾ ਕਮੇਟੀ ਮੈਂਬਰ ਪਰਮਜੀਤ ਰੰਧਾਵਾ, ਤਹਿਸੀਲ ਸਕੱਤਰ ਡਾ. ਸਰਬਜੀਤ ਮੁਠੱਡਾ ਨੇ ਵੀ ਸੰਬੋਧਨ ਕੀਤਾ। ਸ਼ਹੀਦੀ ਯਾਦਗਾਰ 'ਤੇ ਸੂਹਾ ਝੰਡਾ ਗੁਰਨਾਮ ਸਿੰਘ ਦਾਊਦ ਨੇ ਲਹਿਰਾਇਆ। ਇਸ ਮੌਕੇ ਕੁਲਦੀਪ ਫਿਲੌਰ, ਕੁਲਜੀਤ ਫਿਲੌਰ, ਮੇਜਰ ਫਿਲੌਰ, ਮਨਜਿੰਦਰ ਢੇਸੀ, ਹਰਦੇਵ ਸਿੰਘ ਸੰਧੂ, ਪਰਮਜੀਤ ਬੋਪਾਰਾਏ, ਬੇਅੰਤ ਸਿੰਘ ਔਜਲਾ, ਰਾਮ ਨਾਥ ਦੁਸਾਂਝ, ਬਲਬੀਰ ਬੀਰੀ, ਸਰਪੰਚ ਰਜਿੰਦਰ ਕੁਮਾਰ, ਮੱਖਣ ਸੰਗਰਾਮੀ, ਨੰਬਰਦਾਰ ਬਲਜਿੰਦਰ ਸਿੰਘ ਬਿਲਗਾ, ਮਨਜੀਤ ਸੂਰਜਾ, ਸੁਖਦੇਵ ਗੁਰੂ, ਮਾ. ਮਲਕੀਤ ਸਿੰਘ ਸੰਘੇੜਾ, ਅਮ੍ਰਿਤ ਨੰਗਲ, ਗੁਰਦੀਪ ਗੋਗੀ, ਅਮਰੀਕ ਸਿੰਘ ਸੰਧੂ, ਮਾ. ਚਰਨਜੀਤ ਸਿੰਘ, ਵਿਜੇ ਕੁਮਾਰ ਦੁਸਾਂਝ, ਗੁਰਜੀਤ ਜੀਤਾ, ਜੱਸਾ ਰੁੜਕਾ ਆਦਿ ਹਾਜਰ ਸਨ।

ਭੂਰੀ ਵਾਲਿਆਂ ਦਾ ਸਾਲਾਨਾ ਸਤਿਸੰਗ ਸਮਾਗਮ 29 ਤੋਂ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)- ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿਚ ਵਸਦੇ ਅਤੇ ਹਿਮਾਚਲ ਪ੍ਰਦੇਸ਼ ਦੀ ਸੀਮਾ ਨਾਲ ਲੱਗਦੇ ਗੜ੍ਹਸ਼ੰਕਰ- ਜੇਜੋਂ ਦੋਆਬਾ ਮੁੱਖ ਮਾਰਗ 'ਤੇ ਸਥਿਤ ਪਿੰਡ ਗੱਜਰ ਦੀ ਸਮੂਹ ਸੰਗਤ ਵੱਲੋਂ ਭੂਰੀ ਵਾਲਿਆਂ ਦਾ ਸਾਲਾਨਾ ਸਤਿਸੰਗ ਸਮਾਗਮ 29, 30 ਅਤੇ 31 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ। ਚੰਚਲ ਕੁਮਾਰ ਸਾਬਕਾ ਸਰਪੰਚ ਪਿੰਡ ਗੱਜਰ ਨੇ ਦੱਸਿਆ ਕਿ 29 ਜੁਲਾਈ ਨੂੰ ਬਾਬਾ ਗਰੀਬ ਦਾਸ ਜੀ ਮਹਾਰਾਜ ਜੀ ਦੇ ਗ੍ਰੰਥ ਦੇ ਪਾਠ ਪ੍ਰਕਾਸ਼ ਕੀਤੇ ਜਾਣਗੇ। 31 ਜੁਲਾਈ ਨੂੰ ਪਾਠ ਦੇ ਭੋਗ ਤੋਂ ਬਾਅਦ ਸਵਾਮੀ ਚੇਤਨਾਨੰਦ ਜੀ ਭੂਰੀ ਵਾਲੇ ਸੰਗਤਾਂ ਨਾਲ ਧਾਰਮਿਕ ਪ੍ਰਵਚਨ ਕਰਨਗੇ।

ਰਜਿੰਦਰ ਸੰਧੂ ਦੀ ਟੀਮ ਨੇ ਦਿੱਤੇ ਐਂਟੀ ਰੇਬੀਜ਼ ਟੀਕੇ

ਫਿਲੌਰ (ਨਿਰਮਲ)- ਬੀਤੇ ਦਿਨੀਂ ਫਿਲੌਰ ਵਿਖੇ ਛੋਟੇ-ਛੋਟੇ ਮਾਸੂਮ ਚਾਰ ਬੱਚਿਆਂ ਨੂੰ ਆਵਾਰਾ ਕੁੱਤਿਆਂ ਵੱਲੋਂ ਕੱਟਿਆ ਗਿਆ ਸੀ। ਜਦੋਂ ਬੱਚਿਆਂ ਦੇ ਪਰਵਾਰਕ ਮੈਂਬਰ ਬੱਚਿਆਂ ਨੂੰ ਸਿਵਲ ਹਸਪਤਾਲ ਫਿਲੌਰ ਵਿਖੇ ਲੈ ਕੇ ਗਏ ਤਾਂ ਰੈਬੀਪਰ ਟੀਕੇ ਨਾ ਹੋਣ ਕਾਰਨ ਉਨ੍ਹਾਂ ਨੂੰ ਮਾਯੂਸ ਹੋ ਕੇ ਮੁੜਨਾ ਪਿਆ। ਸੀਨੀਅਰ ਮੈਡੀਕਲ ਅਫਸਰ ਡਾਕਟਰ ਰੋਹਿਨੀ ਨੇ ਕਿਹਾ ਸੀ ਕਿ ਸਾਡੇ ਕੋਲ ਇਹ ਟੀਕੇ ਖਤਮ ਹਨ। ਇਸ ਦੀ ਪੈਰਵੀ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਰਿੰਦਰ ਸੈਣੀ, ਪਰਮਿੰਦਰ ਸਿੰਘ ਮਾਹਲ, ਰਜਿੰਦਰ ਸੰਧੂ, ਸੁੱਖਾ ਸਗਨੇਵਾਲ , ਸਨੀ ਤੇਹਿੰਗ, ਸੁਲੱਖਣ ਸਿੰਘ, ਅੰਮ੍ਰਿਤ ਸਿੰਘ, ਅਮਰਜੀਤ, ਯਾਦਵਿੰਦਰ ਗਿਆਨੀ, ਹਰਦੀਪ ਭੱਚੂ ਵੱਲੋਂ ਸਾਂਝੇ ਤੌਰ 'ਤੇ ਫੈਸਲਾ ਕੀਤਾ ਗਿਆ ਹੈ ਕਿ ਜਦੋਂ ਤੱਕ ਸਰਕਾਰੀ ਤੌਰ 'ਤੇ ਇਹ ਟੀਕੇ ਨਹੀਂ ਆਉਂਦੇ ਉਹ ਖੁਦ ਹਸਪਤਾਲ 'ਚ ਟੀਕੇ ਉਪਲੱਬਧ ਕਰਵਾਉਣਗੇ। ਆਮ ਆਦਮੀ ਪਾਰਟੀ ਦੀ ਸਮੂਹ ਟੀਮ ਵੱਲੋਂ ਡਾਕਟਰ ਰੋਹਿਨੀ ਨੂੰ ਟੀਕੇ ਉਪਲੱਬਧ ਕਰਵਾਏ ਅਤੇ ਕਿਹਾ ਕਿ ਅਗਰ ਹੋਰ ਵੀ ਟੀਕਿਆਂ ਦੀ ਲੋੜ ਪਈ ਤਾਂ ਉਨ੍ਹਾਂ ਵੱਲੋਂ ਉਪਲੱਬਧ ਕਰਵਾਏ ਜਾਣਗੇ। ਇਸ ਕੰਮ ਲਈ ਆਮ ਆਦਮੀ ਦੀ ਟੀਮ ਦੀ ਹਰ ਪਾਸੇ ਸ਼ਲਾਘਾ ਕੀਤੀ ਜਾ ਰਹੀ ਹੈ।

ਬੈਂਕ ਆਫ ਬੜੌਦਾ ਬ੍ਰਾਂਚ ਨੇ 116ਵੀਂ ਵਰ੍ਹੇਗੰਢ ਮਨਾਈ

ਮਾਹਿਲਪੁਰ (ਸਫਰੀ) - ਬੈਂਕ ਆਫ ਬੜੌਦਾ ਬ੍ਰਾਂਚ ਮਾਹਿਲਪੁਰ ਵੱਲੋਂ ਬ੍ਰਾਂਚ ਮੈਨੇਜਰ ਪ੍ਰਿੰਸ ਭਗਤ, ਜੁਆਇੰਟ ਮੈਨੇਜਰ ਜੈ ਸ਼ੰਕਰ, ਆਫਿਸਰ ਪ੍ਰੇਰਣਾ ਸ਼ਰਮਾ ਦੀ ਅਗਵਾਈ ਹੇਠ ਬੈਂਕ ਦੀ 116ਵੀਂ ਵਰ੍ਹੇਗੰਢ ਬੜੇ ਉਤਸ਼ਾਹ ਨਾਲ ਮਨਾਈ ਗਈ। ਜਿਸ ਵਿੱਚ ਮਨਜੀਤ ਸਿੰਘ ਦਾਦੂਵਾਲ, ਚਰਨਜੀਤ ਸਿੰਘ ਬਾਹੋਵਾਲ, ਅਮਨਦੀਪ ਸਿੰਘ ਬੈਂਸ, ਹਰਪ੍ਰੀਤ ਸਿੰਘ ਬੈਂਸ, ਗੁਰਪ੍ਰੀਤ ਸਿੰਘ ਬੈਂਸ, ਹਰਿੰਦਰ ਕੁਮਾਰ ਗੌੜ ਸਮੇਤ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਬੈਂਕ ਦੇ ਗ੍ਰਾਹਕ ਸ਼ਾਮਿਲ ਹੋਏ। ਸਟਾਫ ਵਲੋਂ ਪਹਿਲਾਂ ਕੇਕ ਕੱਟਿਆ ਗਿਆ ਤੇ ਬੈਂਕ ਵਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਬੈਂਕ ਸਟਾਫ ਵੱਲੋਂ ਕੁਟੀਆ ਸੰਤ ਬਾਬਾ ਦਲੇਲ ਸਿੰਘ ਜੀ ਟੂਟੋਮਜਾਰਾ ਨੂੰ ਸੰਤ ਬਾਬਾ ਮੱਖਣ ਸਿੰਘ ਜੀ ਤੇ ਸੰਤ ਬਾਬਾ ਬਲਬੀਰ ਸਿੰਘ ਸ਼ਾਸਤਰੀ ਦੀ ਅਗਵਾਈ ਹੇਠ ਚਾਰ ਪੱਖੇ ਭੇਟ ਕੀਤੇ ਗਏ।

75 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਕਾਬੂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)— ਐਸ.ਆਈ. ਹਰਪ੍ਰੇਮ ਸਿੰਘ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਨੇ ਦੱਸਿਆ ਕਿ ਏ.ਐਸ.ਆਈ ਕੁਲਵਿੰਦਰ ਸਿੰਘ ਪੀ.ਪੀ ਬੀਨੇਵਾਲ ਨੇ ਸਮੇਤ ਪੁਲਸ ਪਾਰਟੀ ਨੇ ਹਰਜੀਤ ਕੁਮਾਰ ਉਰਫ ਬੱਲੀ ਪੁੱਤਰ ਸੰਜੀਵ ਕੁਮਾਰ ਉਰਫ ਜੀਵਨ ਵਾਸੀ ਪਿੰਡ ਰਾਮਪੁਰਾ ਹੁਸ਼ਿਆਰਪੁਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 75 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਕੀਤਾ ਹੈ।

ਪੰਜਾਬ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਚੋਣ ਟਰਾਇਲ ਅੱਜ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਜ਼ਿਲ੍ਹਾ ਖੇਡ ਅਫ਼ਸਰ-ਕਮ- ਜਨਰਲ ਸਕੱਤਰ ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਪੰਜਾਬ ਜੂਨੀਅਰ (ਅੰਡਰ—19) ਇੰਟਰ ਡਿਸਟ੍ਰਿਕਟ ਅਤੇ ਸਟੇਟ ਚੈਂਪੀਅਨਸ਼ਿਪ 4 ਅਗਸਤ ਤੋਂ 7 ਅਗਸਤ ਤੱਕ ਬਰਨਾਲਾ ਵਿਖੇ ਕਰਵਾਈ ਜਾ ਰਹੀ ਹੈ। ਇਸ ਚੈਂਪੀਅਨਸ਼ਿਪ ਵਿਚ ਖਿਡਾਰੀਆਂ ਦੀ ਐਂਟਰੀ ਭੇਜਣ ਲਈ ਸਿਲੈਕਸ਼ਨ ਟਰਾਇਲ 23 ਜੁਲਾਈ ਨੂੰ ਇਨਡੋਰ ਸਟੇਡੀਅਮ (ਬੈਡਮਿੰਟਨ ਹਾਲ) ਹੁਸ਼ਿਆਰਪੁਰ ਵਿਖੇ ਹੋਣਗੇ। ਖਿਡਾਰੀ ਉਕਤ ਦਰਸਾਈ ਮਿਤੀ ਨੂੰ ਸਬੰਧਤ ਟਰਾਇਲ ਸਥਾਨ 'ਤੇ ਠੀਕ ਸਵੇਰੇ 10.00 ਵਜੇ ਰਿਪੋਰਟ ਕਰਨ। ਇਸ ਚੈਂਪੀਅਨਸ਼ਿਪ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਦੀ ਜਨਮ ਮਿਤੀ 1 ਜਨਵਰੀ 2005 ਤੋਂ ਬਾਅਦ ਦੀ ਹੋਣੀ ਚਾਹੀਦੀ ਹੈ। ਸਾਰੇ ਖਿਡਾਰੀ ਸਬੂਤ ਦੇ ਤੌਰ 'ਤੇ ਆਪਣਾ ਅਸਲ ਜਨਮ ਸਰਟੀਫਿਕੇਟ ਅਤੇ ਆਧਾਰ ਕਾਰਡ ਲੈ ਕੇ ਆਉਣਾ ਯਕੀਨੀ ਬਨਾਉਣ। ਇਨ੍ਹਾਂ ਟਰਾਇਲਾਂ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਕੋਈ ਵੀ ਟੀ.ਏ/ਡੀ.ਏ ਨਹੀਂ ਦਿੱਤਾ ਜਾਵੇਗਾ। ਇਨ੍ਹਾਂ ਟਰਾਇਲਾਂ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਦੀ ਪੀ ਬੀ . ਆਈ ਡੀ / ਬੀ ਏ ਆਈ ਆਈ ਡੀ ਬਣੀ ਹੋਣਾ ਲਾਜ਼ਮੀ ਹੋਵੇ।

20 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਏ ਐੱਸ ਆਈ ਕਾਬੂ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਵਿਜੀਲੈਂਸ ਬਿਊਰੋ ਦੀ ਲੁਧਿਆਣਾ ਰੇਂਜ ਨੇ ਥਾਣਾ ਟਿੱਬਾ ਵਿਖੇ ਤਾਇਨਾਤ ਏ.ਐਸ.ਆਈ. ਸਤਨਾਮ ਸਿੰਘ ਨੂੰ 20,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਇਸੇ ਮਾਮਲੇ ਵਿੱਚ ਪ੍ਰਾਈਵੇਟ ਵਿਅਕਤੀ ਬਲਬੀਰ ਸਿੰਘ ਉਰਫ ਬੀਰਾ ਢਿੱਲੋਂ ਨੂੰ ਮੁਹੱਲਾ ਜਗਦੀਸ਼ਪੁਰਾ ਸਥਿਤ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਗਿਆ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਦਲਜੀਤ ਕੌਰ ਵਾਸੀ ਰਾਮ ਨਗਰ (ਲੁਧਿਆਣਾ) ਖਿਲਾਫ਼ ਦਾਇਰ ਇੱਕ ਸ਼ਿਕਾਇਤ ਦਾ ਨਿਪਟਾਰਾ ਕਰਨ ਬਦਲੇ ਬਲਬੀਰ ਢਿੱਲੋਂ ਰਾਹੀਂ ਉਕਤ ਏ.ਐਸ.ਆਈ. ਨੂੰ ਰਿਸਵਤ ਲੈਂਦਿਆਂ ਕਾਬੂ ਕੀਤਾ ਹੈ। ਦੋਸੀ ਏ.ਐਸ.ਆਈ. ਨੇ 1,40,000 ਰੁਪਏ ਦੀ ਮੰਗ ਕੀਤੀ ਸੀ ਅਤੇ ਉਹ 60,000 ਰੁਪਏ 'ਤੇ ਮੰਨ ਗਿਆ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਹ 18 ਜੁਲਾਈ ਨੂੰ ਪਹਿਲਾਂ ਹੀ ਉਕਤ ਏ.ਐਸ.ਆਈ. ਨੂੰ 3000 ਰੁਪਏ ਦੇ ਚੁੱਕੀ ਹੈ। ਇਸ ਸਬੰਧੀ ਐਫ.ਆਈ.ਆਰ. ਨੰ. 17 ਮਿਤੀ 21.7.2023 ਨੂੰ ਭ੍ਰਿਸ਼ਟਾ

23-July-Page-12.qxd 7/22/2023 10:13 PM Page 1

ਮੀਂਹ ਨੇ ਕੀਤੀ ਜਲਥਲ-ਸੜਕਾਂ ਬਣੀਆਂ ਨਹਿਰਾਂ

ਜਲੰਧਰ (ਸ਼ੈਲੀ ਐਲਬਰਟ)-ਬਰਸਾਤ ਨੇ ਜਿੱਥੇ ਗਰਮੀ ਅਤੇ ਹੁੰਮਸ ਵਾਲੇ ਮੌਸਮ ਤੋਂ ਲੋਕਾਂ ਨੂੰ ਰਾਹਤ ਦਿੱਤੀ, ਉੱਥੇ ਹੀ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਪਾਣੀ ਭਰ ਜਾਣ ਕਾਰਨ ਸ਼ਹਿਰ ਵਾਸੀਆਂ ਲਈ ਮੁਸੀਬਤ ਬਣੀ। ਜ਼ਿਆਦਾਤਰ ਸੜਕਾਂ ਬਰਸਾਤ ਦੇ ਪਾਣੀ ਨਾਲ ਭਰ ਗਈਆਂ ਜਿਸ ਕਾਰਨ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਸ਼ਹਿਰ ਦੀਆਂ ਸੜਕਾਂ ਨੇ ਨਹਿਰਾਂ ਦਾ ਰੂਪ ਧਾਰਨ ਕਰ ਲਿਆ। ਪੰਜਾਬ ਵਿੱਚ ਆਈਆਂ ਅਲੱਗ ਅਲੱਗ ਸਰਕਾਰਾਂ ਵਲੋਂ ਸਮਾਰਟ ਸਿਟੀ ਦੇ ਵੱਡੇ ਦਾਅਵਿਆਂ ਦੇ ਬਾਵਜੂਦ ਮੀਂਹ ਕਾਰਨ ਕਈ ਇਲਾਕੇ ਪਾਣੀ ਵਿੱਚ ਡੁੱਬ ਗਏ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ 'ਚ ਗੋਡੇ- ਗੋਡੇ ਤੱਕ ਪਾਣੀ ਭਰ ਗਿਆ ਅਤੇ ਪਾਣੀ ਭਰ ਜਾਣ ਕਾਰਨ ਵਾਹਨ ਲੰਬੇ ਟ੍ਰੈਫਿਕ ਜਾਮ 'ਚ ਫਸੇ ਦੇਖੇ ਗਏ। ਬਰਸਾਤੀ ਪਾਣੀ ਨਾਲ ਭਰੇ ਟੋਇਆਂ ਨੇ ਰਾਹਗੀਰਾਂ ਦੀ ਪ੍ਰੇਸ਼ਾਨੀ ਵਧਾ ਦਿੱਤੀ ਹੈ। ਓਵਰਫਲੋਅ ਸੀਵਰੇਜ ਅਤੇ ਬਦਬੂਦਾਰ ਪਾਣੀ ਨੇ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿੱਚ ਨਿਵਾਸੀਆਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਸੀਵਰੇਜ ਦੇ ਓਵਰਫਲੋਅ ਅਤੇ ਇਸ ਤੋਂ ਨਿਕਲਣ ਵਾਲੀ ਬਦਬੂ ਨੇ ਉਨ੍ਹਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਟਰਾਂਸਪੋਰਟ ਨਗਰ, ਜਲੰਧਰ-ਫਗਵਾੜਾ ਨੈਸ਼ਨਲ ਹਾਈਵੇਅ, ਕਪੂਰਥਲਾ ਚੌਂਕ, ਲੰਮਾ ਪਿੰਡ ਚੌਂਕ, ਸ਼ਹੀਦ ਊਧਮ ਸਿੰਘ ਨਗਰ, ਲਾਡੋਵਾਲੀ ਰੋਡ, ਸੋਡਲ ਰੋਡ, ਦਮੋਰੀਆ ਅੰਡਰਪਾਸ ਆਦਿ ਤੋਂ ਵੀ ਪਾਣੀ ਭਰ ਜਾਣ ਦੀਆਂ ਖਬਰਾਂ ਹਨ।

ਬਰਤਾਨਵੀ ਨਾਗਰਿਕ ਰਜਿੰਦਰ ਰੂਪਰਾ ਕਿਸਾਨਾਂ ਦਾ ਹਮਦਰਦ ਬਣ ਕੇ ਸਾਹਮਣੇ ਆਇਆ

ਸ਼ਾਹਕੋਟ (ਗਿਆਨ ਸੈਦਪੁਰੀ) ਬਰਤਾਨੀਆ ਦਾ ਨਾਗਰਿਕ ਤੇ ਪੰਜਾਬ ਦਾ ਅਗਾਂਹਵਧੂ ਕਿਸਾਨ ਰਜਿੰਦਰ ਸਿੰਘ ਰੂਪਰਾ (ਬਾਜਵਾ ਕਲਾਂ) ਜਿੱਥੇ ਉਨ੍ਹਾਂ ਕਿਸਾਨਾਂ ਦਾ ਸੱਚਾ ਹਮਦਰਦ ਬਣ ਕੇ ਸਾਹਮਣੇ ਆਇਆ ਹੈ, ਜਿਨ੍ਹਾਂ ਦਾ ਝੋਨਾ ਹੜ੍ਹ ਵਿੱਚ ਮਾਰਿਆ ਗਿਆ ਹੈ, ਉੱਥੇ ਉਨ੍ਹਾਂ ਨੌਜਵਾਨਾਂ ਲਈ ਵੀ ਪ੍ਰੇਰਨਾ ਸਰੋਤ ਬਣਿਆ ਹੈ, ਜਿਹੜੇ ਹਰ ਪਲ ਪੰਜਾਬ ਤੋਂ 'ਉਡਾਰੀ' ਮਾਰਨਾ ਲੋਚਦਾ ਹਨ। ਰਜਿੰਦਰ ਸਿੰਘ ਰੂਪਰਾ 1989 ਵਿੱਚ ਇੰਗਲੈਂਡ ਵਸ ਗਿਆ ਸੀ। ਉਸ ਦੇ ਪਿਤਾ ਜੀ ਵੀ ਉੱਥੇ ਸਨ। ਰਜਿੰਦਰ ਸਿੰਘ ਰੂਪਰਾ ਹੁਣ ਇੰਗਲੈਂਡ ਦਾ ਪੱਕਾ ਨਾਗਰਿਕ ਹੈ। ਉਸ ਦਾ ਦਿਲ ਪੰਜਾਬ ਵਿੱਚ ਤੜਕਦਾ ਹੈ ਤੇ ਇੱਥੇ ਉਹ 40 ਏਕੜ ਦੀ ਖੇਤੀ ਰੂਹ ਨਾਲ ਕਰਦਾ ਹੈ। ਇਸ ਸੀਜਨ ਵਿੱਚ ਵੀ ਉਸ ਨੇ 40 ਏਕੜ ਝੋਨਾ ਬੀਜ ਦਿੱਤਾ ਹੈ। 280 ਕਨਾਲਾਂ ਲਗਭਗ ਦੋ ਏਕੜ ਜਮੀਨ ਵਿੱਚ ਉਸ ਨੇ ਝੋਨੇ ਦੀ ਪਨੀਰੀ ਇਸ ਮੰਤਵ ਨਾਲ ਲਾਈ ਸੀ ਕਿ ਇਸ ਦੇ ਲਗਭਗ ਤਿੰਨ ਲੱਖ ਰੁਪਏ ਵੱਟ ਲਵੇਗਾ। ਪਿਛਲੇ ਦਿਨੀ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਝੋਨਾ ਮਾਰਿਆ ਗਿਆ ਹੈ। ਹੜ ਖੇਤਰ ਦੇ ਕਿਸਾਨਾਂ ਦੀ ਸਹਾਇਤਾ ਕਰਨ ਹਿੱਤ ਰਜਿੰਦਰ ਸਿੰਘ ਰੂਪਰਾ ਨੇ ਪਨੀਰੀ ਵੇਚਣ ਦਾ ਫੈਸਲਾ ਬਦਲ ਕੇ ਲੋੜਵੰਦਾਂ ਨੂੰ ਮੁਫਤ ਪਨੀਰੀ ਦੇਣ ਦਾ ਫੈਸਲਾ ਕੀਤਾ ਹੈ। ਰੂਪਰਾ ਨੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆ ਕਿਹਾ ਕਿ ਕਿਸਾਨਾਂ ਨੂੰ ਆਈ ਇਸ ਮੁਸੀਬਤ ਮੌਕੇ ਉਸ ਦਾ ਦਿਲ ਹੀ ਨਹੀਂ ਕੀਤਾ ਕਿ ਪਨੀਰੀ ਮੁੱਲ ਵੇਚੀ ਜਾਵੇ। ਆਪਣੇ ਇਸ ਫੈਸਲੇ ਦੀ ਸੂਚਨਾ ਵੱਖ ਵੱਖ ਸੂਤਰਾਂ ਰਾਹੀ ਉਸ ਨੇ ਲੋੜਵੰਦ ਕਿਸਾਨਾਂ ਤੱਕ ਪਹੁੰਚਾ ਦਿੱਤੀ। ਇਸ ਉਪਰੰਤ ਸਿਰਫ ਲੋਹੀਆ ਇਲਾਕੇ ਦੇ ਹੀ ਨਹੀ ਸਗੋ 2-2 ਸੌ ਕਿਲੋਮੀਟਰ ਦੂਰ ਦੇ ਕਿਸਾਨ ਪਨੀਰੀ ਲੈਣ ਲਈ ਬਾਜਵਾ ਕਲਾਂ(ਸ਼ਾਹਕੋਟ) ਪਹੁੰਚ ਰਹੇ ਹਨ। ਸੁਰਿੰਦਰਪਾਲ ਸਿੰਘ ਸ਼ਤਰਾਣਾ(ਪਟਿਆਲਾ) ਅਤੇ ਮਨਦੀਪ ਸਿੰਘ ਖਨੌਰੀ ਤੋ ਪਨੀਰੀ ਲੈਣ ਲਈ ਇੱਥੇ ਪੁੱਜੇ। ਇਸੇ ਤਰ੍ਹਾਂ ਗਿੱਦੜਪਿੰਡੀ (ਲੋਹੀਆ) ਦੇ ਕਈ ਕਿਸਾਨ ਪਨੀਰੀ ਲੈਣ ਪੁੱਜੇ। ਇੱਥੇ ਇਹ ਦੱਸਣਯੋਗ ਹੈ ਕੋ ਰਜਿੰਦਰ ਸਿੰਘ ਰੂਪਰਾ ਇੰਗਲੈਂਡ ਦਾ ਨਾਗਰਿਕ ਹੋਣ ਦੇ ਬਾਵਜੂਦ ਬਹੁਤਾ ਸਮਾਂ ਪੰਜਾਬ ਰਹਿੰਦਾ ਹੈ। ਸਾਲ ਵਿੱਚ ਵੱਧ

ਤੋਂ ਵੱਧ ਇੱਕ ਮਹੀਨੇ ਲਈ ਉਹ ਇੰਗਲੈਂਡ ਜਾਂਦਾ ਹੈ। ਉਸ ਦਾ ਬੇਟਾ ਅਨੂਪ ਸਿੰਘ 12 ਜਮਾਤਾਂ ਪੜ੍ਹਨ ਤੋਂ ਬਾਅਦ ਖੇਤੀਬਾੜੀ ਦੇ ਕੰਮ ਵਿੱਚ ਰੁੱਝ ਗਿਆ ਹੈ। ਤੂੰ ਇੰਗਲੈਂਡ ਨਹੀਂ ਜਾਣਾ ? ਦੇ ਜਵਾਬ ਵਿੱਚ ਉਸ ਨੇ ਕਿਹਾ ਕਿ ਉਸ ਦਾ ਇਰਾਦਾ ਹੋਰ ਪੜ੍ਹਨ ਦਾ ਵੀ ਹੈ ਪਰ ਕੰਮ ਉਹ ਇੱਥੇ ਹੀ ਤੇ ਖੇਤੀ ਦਾ ਹੀ ਕਰੇਗਾ। ਅਗਾਂਹਵਧੂ ਕਿਸਾਨ ਮੇਜਰ ਸਿੰਘ ਬਾਜਵਾ ਨੇ ਕਿਹਾ ਕਿ ਜਰੂਰਤ ਵਜੋਂ ਬਾਹਰਲੇ ਮੁਲਕਾਂ 'ਚ ਜਾਣਾ ਕੋਈ ਮਾੜੀ ਗੱਲ ਨਹੀਂ ਪਰ ਰਜਿੰਦਰ ਸਿੰਘ ਰੂਪਰਾ ਤੇ ਉਸ ਦੇ ਬੇਟੇ ਅਨੂਪ ਸਿੰਘ ਕੋਲੋਂ ਸਰਦੇ ਪੁੱਜਦੇ ਕਿਸਾਨ ਨੌਜਵਾਨਾਂ ਨੂੰ ਜਰੂਰ ਪ੍ਰੇਰਨਾ ਲੈਣੀ ਚਾਹੀਦੀ ਹੈ।

ਐੱਲ ਪੀ ਯੂ ਦੀ ਸਾਇੰਸਦਾਨ ਨੇ ਵਿਸ਼ਵ ਦੇ ਵਿਗਿਆਨੀਆਂ ਨਾਲ ਨਵੇਂ ਊਰਜਾ ਸਰੋਤਾਂ 'ਤੇ ਮਹੱਤਵਪੂਰਨ ਖੋਜ ਸਾਂਝੀ ਕੀਤੀ

ਜਲੰਧਰ (ਸ਼ੈਲੀ ਐਲਬਰਟ) ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) 'ਚ ਭੌਤਿਕ ਵਿਗਿਆਨ 'ਚ ਪੀ ਐਚ ਡੀ ਵਿਦਵਾਨਾਂ 'ਚੋਂ ਇੱਕ, ਪ੍ਰੀਤੀ ਕੁਮਾਰੀ ਨੇ ਨਵੇਂ ਥਰਮਲ ਅਤੇ ਸੂਰਜੀ ਊਰਜਾ ਵਜੋਂ ਵਰਤੇ ਜਾਣ ਵਾਲੇ ਚੰਗੇ ਥਰਮੋ-ਇਲੈਕਟ੍ਰਿਕ ਅਤੇ ਆਪਟੋ-ਇਲੈਕਟ੍ਰੋਨਿਕ ਕੁਸ਼ਲਤਾ ਲਈ ਕੁਝ ਠੋਸ ਪਦਾਰਥਾਂ ਦੀ ਜਾਂਚ ਪੜਤਾਲ਼ ਕੀਤੀ ਹੈ। ਪ੍ਰੀਤੀ ਦੀਆਂ ਮਹੱਤਵਪੂਰਨ ਖੋਜਾਂ ਦਾ ਮੁਲਾਂਕਣ ਕਰਦੇ ਹੋਏ, ਭਾਰਤ ਸਰਕਾਰ ਦੇ ਵਿਗਿਆਨ ਅਤੇ ਇੰਜੀਨੀਅਰਿੰਗ ਖੋਜ ਬੋਰਡ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਨੇ ਉਸਨੂੰ ਸਿੰਗਾਪੁਰ 'ਚ ਐਡਵਾਂਸਡ ਟੈਕਨਾਲੋਜੀ 2023 ਲਈ ਸਮੱਗਰੀ ਬਾਰੇ 11ਵੀਂ ਅੰਤਰਰਾਸ਼ਟਰੀ ਕਾਨਫਰੰਸ 'ਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਐਲ ਪੀ ਯੂ ਦੀ ਵਿਗਿਆਨੀ ਨੇ ਆਪਣੀਆਂ ਵਿਲੱਖਣ ਵਿਗਿਆਨਕ ਖੋਜਾਂ ਨਾਲ ਦੁਨੀਆ ਨਾਲ ਸਾਂਝਾ ਕੀਤਾ। ਐਲ ਪੀ ਯੂ ਦੇ ਚਾਂਸਲਰ ਡਾ ਅਸ਼ੋਕ ਕੁਮਾਰ ਮਿੱਤਲ ਨੇ ਉਸ ਨੂੰ ਮਨੁੱਖਤਾ ਦੀ ਸੌਖ ਲਈ ਵਿਗਿਆਨਕ ਢੰਗ ਨਾਲ ਖੋਜ ਕਰਦੇ ਰਹਿਣ ਲਈ ਉਤਸਾਹਿਤ ਕੀਤਾ। ਪ੍ਰੀਤੀ ਦੁਆਰਾ ਮੈਗਨੀਸ਼ੀਅਮ, ਕੈਲਸ਼ੀਅਮ ਅਤੇ ਬੇਰੀਅਮ ਦੇ ਆਕਸਾਈਡਾਂ ਦੇ ਰੂਪ 'ਚ ਖੋਜ ਕੀਤੀ ਨਵੀਂ ਸਮੱਗਰੀ ਨੂੰ ਨਵੇਂ ਥਰਮੋ-ਇਲੈਕਟ੍ਰਿਕ ਜਨਰੇਟਰਾਂ 'ਚ ਵਰਤਿਆ ਜਾਣਾ ਹੈ, ਜਿੱਥੇ ਬਿਜਲੀ ਪੈਦਾ ਕਰਨ ਲਈ ਵੇਸਟ ਹੀਟ (ਗਰਮੀ) ਦੀ ਵਰਤੋਂ ਕੀਤੀ ਜਾਵੇਗੀ।

ਮਨੀਪੁਰ ਦੀ ਸ਼ਰਮਨਾਕ ਘਟਨਾ ਹਾਕਮਾਂ ਤੇ ਪੁਲਸ ਪ੍ਰਸ਼ਾਸਨ ਦੀ ਨਲਾਇਕੀ ਦਾ ਸਿੱਟਾ : ਤਲਵਿੰਦਰ ਹੀਰ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)- ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਉਪਰੰਤ ਮਾਨਯੋਗ ਸੁਪਰੀਮ ਕੋਰਟ ਵਲੋਂ ਆਪਣੇ ਆਪ ਲਏ ਨੋਟਿਸ 'ਤੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੇ ਦਿੱਤੇ ਨਿਰਦੇਸ਼ਾਂ ਕਾਰਨ ਮੰਦਭਾਗੀ ਘਟਨਾ ਦਾ ਪਤਾ ਲੱਗਣ 'ਤੇ ਸਮੁੱਚੇ ਦੇਸ਼ ਦੇ ਆਮ ਨਾਗਰਿਕਾਂ ਵਿੱਚ ਭੈਅ ਤੇ ਬੇਚੈਨੀ ਦਾ ਮਾਹੌਲ ਹੈ। ਬੇਬੱਸ ਤੇ ਬੇਸਹਾਰਾ ਔਰਤਾਂ ਨੂੰ ਬੰਦੇ ਕਹਾਉਣ ਵਾਲੇ ਪਸ਼ੂਆਂ ਤੋਂ ਵੀ ਭੈੜੇ ਵਹਿਸ਼ੀ ਦਰਿੰਦਿਆਂ ਨੇ ਨਿਰਵਸਤਰ ਕਰਕੇ ਘੁਮਾਇਆ ਉਨ੍ਹਾਂ ਨਾਲ ਅਸ਼ਲੀਲ ਜਿਸਮਾਨੀ ਹਰਕਤਾਂ ਕੀਤੀਆਂ ਤੇ ਹੱਦੋਂ ਵੱਧ ਜਲੀਲ ਕੀਤਾ। ਜਿਸ ਨਾਲ ਅੱਜ ਦੇਸ਼ ਦੇ ਹਰ ਨਾਗਰਿਕ ਨੂੰ ਆਪਣੀਆਂ ਮਾਂਵਾਂ ਭੈਣਾਂ ਧੀਆਂ ਦੀਆਂ ਇੱਜਤਾਂ ਭਿਆਨਕ ਖਤਰੇ ਵਿਚ ਪਈਆਂ ਜਾਪਦੀਆਂ ਹਨ। ਦੋ ਮਹੀਨੇ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਅਜਿਹੇ ਸ਼ਰਮਨਾਕ ਘਟਨਾ ਤੇ ਸੂਬਾ ਤੇ ਕੇਂਦਰ ਸਰਕਾਰਾਂ ਨੇ ਪਰਦਾ ਪਾਈ ਰੱਖਿਆ। ਅਜੇ ਵੀ ਆਪਣੇ ਆਪ ਨੂੰ ਦੇਸ਼ ਤੇ ਦੁਨੀਆਂ ਦੇ ਸ਼ਕਤੀਸਾਲੀ ਕਹਾਉਣ ਵਾਲੇ ਪ੍ਰਧਾਨ ਮੰਤਰੀ ਨੂੰ ਮਾਨਯੋਗ ਸੁਪਰੀਮ ਕੋਰਟ ਦਾ ਇਹ ਕਹਿਣਾ ਕਿ ਅਜਿਹੀ ਸ਼ਰਮਨਾਕ ਘਟਨਾ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ ਮਨੁੱਖਤਾ ਸਾਹਮਣੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ।

ਸਿੱਖਿਆ ਮੰਤਰੀ ਨੇ ਧੁੱਸੀ ਬੰਨ੍ਹ 'ਤੇ ਦੋ ਘੰਟੇ ਕੀਤੀ ਸੇਵਾ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)-ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਦੇਰ ਰਾਤ ਧੁੱਸੀ ਬੰਨ੍ਹ ਦਾ ਦੌਰਾ ਕੀਤਾ ਗਿਆ।

ਉਹਨਾਂ ਨੇ ਗੱਟਾ ਮੁੰਡੀ ਕਾਸੂ 'ਚ ਧੁੱਸੀ ਬੰਨ੍ਹ ਦੇ ਪਏ ਪਾੜ ਨੂੰ ਪੂਰਨ ਵਿੱਚ ਲੱਗੇ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਪੰਜਾਬ ਭਰ ਤੋਂ ਆਏ ਨੌਜਵਾਨਾਂ ਵੱਲੋਂ ਦਿਨ ਰਾਤ ਕੀਤੇ ਜਾ ਰਹੇ ਕੰਮ ਦੀ ਪ੍ਰਸੰਸਾ ਕੀਤੀ। ਉਹਨਾਂ ਕਿਹਾ ਕਿ ਇਸ ਗੱਲ ਦਾ ਪੰਜਾਬ ਨੂੰ ਹੀ ਨਹੀ ਸਗੋਂ ਪੂਰੇ ਦੇਸ਼ ਨੂੰ ਮਾਣ ਹੈ ਕਿ ਰਾਜ ਸਭਾ ਵਰਗੇ ਸਰਵਉੱਚ ਸਦਨ ਵਿੱਚ ਸੰਤ ਸੀਚੇਵਾਲ ਜੀ ਵਰਗੇ ਕਰਮੱਠ ਤੇ ਵਾਤਾਵਰਣ ਨੂੰ ਪਿਆਰ ਕਰਨ ਵਾਲੀ ਸਖਸ਼ੀਅਤ ਪਹੁੰਚੀ ਹੈ। ਬੈਂਸ ਨੇ ਰਾਤ ਨੂੰ ਚੱਲ ਰਹੀ ਕਾਰ ਸੇਵਾ ਵਿੱਚ ਹਿੱਸਾ ਲੈਂਦਿਆਂ 2 ਘੰਟੇ ਤੱਕ ਆਪ ਮਿੱਟੀ ਦੇ ਬੋਰੇ ਚੁੱਕੇ ਅਤੇ ਸੇਵਾਦਾਰਾਂ ਵੱਲੋਂ ਬਣਾਏ ਜਾ ਰਹੇ ਕਰੇਟਾਂ ਨੂੰ ਦਰਿਆ ਵਿੱਚ ਠੇਲਿਆ। ਬੈਂਸ ਨੇ ਸੰਤ ਸੀਚੇਵਾਲ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਹੜ੍ਹ ਪੀੜਤਾਂ ਦੀ ਹਰ ਤਰ੍ਹਾਂ ਦੀ ਮਦੱਦ ਕਰੇਗੀ। ਸਰਕਾਰ ਵੱਲੋਂ ਪਾਣੀ ਉਤਰਣ ਤੋਂ ਬਾਅਦ ਬਹੁ-ਪੱਖੀ ਸਰਵੇ ਕਰਵਾ ਕੇ ਹਰ ਤਰ੍ਹਾਂ ਦੇ ਹੋਏ ਪੀੜਤ ਲੋਕਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ।

ਅਨੀਮੀਆ ਮੁਕਤ ਭਾਰਤ ਦਿਵਸ ਮਨਾਇਆ

ਨੂਰਮਹਿਲ, (ਬਾਲ ਕ੍ਰਿਸ਼ਨ ਬਾਲੀ)-ਸਿਵਲ ਸਰਜਨ ਜਲੰਧਰ ਦੇ ਨਿਰਦੇਸ਼ਾ ਤਹਿਤ ਬਿਲਗਾ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਕਮਲਜੀਤ ਕੌਰ ਦੀ ਅਗਵਾਈ ਵਿੱਚ ਆਂਗਨਵਾੜੀ ਸੈਂਟਰ ਚੀਮਾ ਕਲਾਂ ਵਿਖੇ ਅਨੀਮੀਆ ਦਿਵਸ ਭਾਰਤ ਦਿਵਸ ਮਨਾਇਆ ਗਿਆ । ਏ ਐਨ ਐਮ ਅਵਤਾਰ ਨੇ ਦੱਸਿਆ ਕਿ 180 ਆਇਰਨ ਫੋਲਿਕ ਐਸਿਡ ਦੀਆਂ ਗੋਲੀਆਂ ਦਿੱਤੀਆਂ । ਉਹਨਾਂ ਕਿਹਾ ਕਿ ਔਰਤ ਦੀ ਬੱਚਾ ਹੋਣ ਤੋਂ ਬਾਅਦ 6 ਮਹੀਨੇ ਤੱਕ ਆਇਰਨ ਫੋਲਿਕ ਐਸਿਡ ਦੀਆਂ ਗੋਲੀਆਂ ਖਾਣੀਆਂ ਚਾਹੀਦੀਆਂ ਹਨ । ਗਰਭਵਤੀ ਔਰਤਾਂ ਨੂੰ ਹਰੀਆਂ ਸਬਜੀਆਂ ਅਤੇ ਫਲ ਫਰੂਟ ਖਾਣੇ ਚਾਹੀਦੇ ਹਨ । ਇਸ ਸਮੇਂ ਆਂਗਨਵਾੜੀ ਵਰਕਰਾਂ ਨੇ ਕੈਂਪ ਵਿਚ ਸ਼ਮੂਲੀਅਤ ਕੀਤੀ ।

ਤਹਿਸੀਲਦਾਰ ਸੁਖਵੀਰ ਕੌਰ ਨੇ ਚਾਰਜ ਸੰਭਾਲਿਆ

ਆਦਮਪੁਰ (ਪਰਮਜੀਤ ਸਿੰਘ)— ਸਬ ਤਹਿਸੀਲ ਆਦਮਪੁਰ ਦੇ ਨਾਇਬ ਤਹਿਸੀਲਦਾਰ ਉਂਕਾਰ ਸਿੰਘ ਦੀ ਬਦਲੀ ਹੋਣ 'ਤੇ ਤਹਿਸੀਲਦਾਰ ਮੈਡਮ ਸੁਖਜੀਤ ਕੌਰ ਨੇ ਆਦਮਪੁਰ ਤਹਿਸੀਲ ਦਾ ਚਾਰਜ ਸੰਭਾਲਿਆ ! ਮੈਡਮ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸੇਵਾ ਨਿਭਾ ਰਹੇ ਸਨ। ਉਨ੍ਹਾਂ ਕਿਹਾ ਕਿ ਸਬ ਤਹਿਸੀਲ ਆਦਮਪੁਰ ਨਾਲ ਜੁੜੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ । ਸਮੂਹ ਸਟਾਫ ਵਲੋਂ ਪੂਰੀ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ !

ਐਡਵੋਕੇਟ ਹਰਨਮਨਪ੍ਰੀਤ ਸਿੰਘ ਭਾਟੀਆ ਦਾ ਕੀਤਾ ਸਨਮਾਨ

ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ): ਬਾਰ ਕੌਂਸਲ ਨੰਗਲ ਦੇ ਨਵੇਂ ਬਣੇ ਮੈਂਬਰ ਐਡਵੋਕੇਟ ਹਰਨਮਨ ਪ੍ਰੀਤ ਸਿੰਘ ਭਾਟੀਆ ਨੂੰ ਮਾਈਟੀ ਖਾਲਸਾ ਇੰਟਰਨੈਸ਼ਨਲ ਪਬਲਿਕ ਸਕੂਲ ਵਿੱਚ ਸਕੂਲ ਦੇ ਡਾਇਰੈਕਟਰ ਅਮਿਤੋਜ ਸਿੰਘ ਅਤੇ ਅੰਬੇਦਕਰ ਸੋਚ ਸੰਗਠਨ ਤੇ ਆਗੂਆਂ ਵਲੋਂ ਸਾਂਝੇ 'ਤੇ ਮੈਂਬਰ ਬਣਨ ਤੋਂ ਬਾਅਦ ਸਨਮਾਨਿਤ ਕੀਤਾ ਅਤੇ ਉਨ੍ਹਾਂ ਕੋਲੋਂ ਫਲਦਾਰ ਬੂਟੇ ਵੀ ਲਗਾਏ ਗਏ। ਸੰਗਠਨ ਦੇ ਆਗੂ ਰਜਿੰਦਰ ਗਿੱਲ ਨੇ ਕਿਹਾ ਕਿ ਡਾ. ਭੀਮ ਰਾਉ ਅੰਬੇਦਕਰ ਜੀ ਵਲੋਂ ਜੋ ਸੰਵਿਧਾਨ ਸਾਨੂੰ ਦਿੱਤਾ ਗਿਆ ਹੈ ਉਹ ਇਕ ਲਾਮਿਸਾਲ ਤੋਹਫਾ ਹੈ ਜਿਸ ਦਾ ਅਨੰਦ ਹਰ ਵਰਗ ਮਾਣ ਰਿਹਾ ਹੈ ਅਤੇ ਇਸੇ ਵਿੱਚ ਵਕੀਲ ਭਾਈਚਾਰਾ ਡਾ. ਅੰਬੇਦਕਰ ਦੇ ਸਿਪਾਹੀ ਬਣਕੇ ਸਾਡੀ ਸੁਰੱਖਿਆ ਕਰਦੇ ਹਨ। ਐਡਵੋਕੇਟ ਹਰਨਮਨ ਪ੍ਰੀਤ ਸਿੰਘ ਭਾਟੀਆ ਨੇ ਕਿਹਾ ਕਿ ਉਨ੍ਹਾ ਦਾ ਵਕਾਲਤ ਇੱਕ ਪਵਿੱਤਰ ਕਿੱਤਾ ਹੈ ਜਿਸ ਕਾਰਨ ਉਨ੍ਹਾਂ ਵਲੋਂ ਇਸਨੂੰ ਚੁਣਿਆ ਗਿਆ। ਸਕੂਲ ਦੇ ਡਾਇਰੈਕਟਰ ਅਮਿਤੋਜ ਸਿੰਘ ਵਲੋਂ ਬੱਚਿਆਂ ਦੁਆਰਾ ਤਿਆਰ ਕੀਤੀਆਂ ਗਈਆਂ ਮੂਲ ਮੰਤਰ ਦੀਆਂ ਫੋਟੋਆਂ ਤੋਹਫੇ ਵਜੋਂ ਦਿੱਤੀਆਂ ਗਈਆਂ। ਇਸ ਮੌਕੇ ਪ੍ਰੇਮੀ ਬੰਟੀ ਪਾਵਰ, ਉੱਘੇ ਦਲਿਤ ਚਿੰਤਕ ਰਾਜਿੰਦਰ ਗਿੱਲ, ਸਰਪੰਚ ਰਾਜਦੀਪ ਥੱਪਲ , ਸੁਨੀਲ ਅਡਵਾਲ ਪ੍ਰਧਾਨ ਰੇਹੜੀ ਫੜ੍ਹੀ ਯੂਨੀਅਨ, ਮੈਨੇਜਰ ਹਰਮਿੰਦਰ ਸਿੰਘ ਪੁੰਨੂ ਹਾਜਰ ਸਨ।

ਲਾਇਨਜ਼ ਕਲੱਬ ਵਣ ਮਹੋਤਸਵ ਪ੍ਰੋਜੈਕਟ ਤਹਿਤ ਲਗਾਏ ਬੂਟੇ

ਫਗਵਾੜਾ (ਡਾ. ਰਮਨ) ਲਾਇਨਜ਼ ਕਲੱਬ ਫਗਵਾੜਾ ਸਰਵਿਸ ਦੀ ਨਵੀਂ ਟੀਮ ਨੇ ਪਹਿਲੇ ਪ੍ਰੋਜੈਕਟ ਤਹਿਤ ਕਲੱਬ ਦੇ ਪ੍ਰਧਾਨ ਲਾਇਨ ਵਿਪਨ ਹਾਂਡਾ ਦੀ ਅਗਵਾਈ ਹੇਠ ਵਣ ਮਹਾਉਤਸਵ ਮਨਾਉਂਦੇ ਹੋਏ ਵਾਤਾਵਰਨ ਸੰਭਾਲ ਦਾ ਸੁ

23-July-Sunday.qxd 7/22/2023 8:56 PM Page 1

ਮਨਦੀਪ ਔਲਖ ਦੀਆਂ ਪੰਜ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 23 ਜੁਲਾਈ 2023

www.nawanzamana.in

ਕੀਮਤ 5.00 ਰੁਪਏ

ਜੇਬ ਖਾਲੀ ਹੋ ਫਿਰ ਭੀ
ਮਨ੍ਹਾ ਕਰਤੇ ਨਹੀਂ ਦੇਖਾ
ਮੈਨੇ ਪਿਤਾ ਸੇ ਅਮੀਰ
ਇੰਸਾਨ ਨਹੀਂ ਦੇਖਾ

- ਗੁਲਜ਼ਾਰ

ਵਿਚਾਰ ਪ੍ਰਗਟਾਵੇ ਦੀ ਜੇਲ੍ਹ ਬਣਦੇ ਕਲਾਸ ਰੂਮ

ਅਪੂਰਵਾਨੰਦ

ਅਨੁ : ਬੂਟਾ ਸਿੰਘ ਮਹਿਮੂਦਪੁਰ

ਕੋਲਹਾਪੁਰ ਦੀ ਪ੍ਰੋਫੈਸਰ ਤੇਜਸਵਿਨੀ ਦੇਸਾਈ ਨਾਲ ਜੋ ਹੋਇਆ, ਉਹ ਅਧਿਆਪਨ ਭਾਈਚਾਰੇ ਵਿਚ ਕਿਸੇ ਨਾਲ ਵੀ ਹੋ ਸਕਦਾ ਹੈ। ਇਹ ਸਾਡੇ ਸਮਿਆਂ ਦੇ ਭਾਰਤ ਵਿਚ ਅਧਿਆਪਕ ਹੋਣ ਦੇ ਖ਼ਤਰਿਆਂ ਦੀ ਦੱਸ ਪਾਉਂਦਾ ਹੈ। ਅਧਿਆਪਕ ਹੁਣ ਇਹ ਨਹੀਂ ਮੰਨ ਸਕਦੇ ਕਿ ਕਲਾਸ 55 ਜਾਂ 60 ਮਿੰਟ ਦੇ ਨਿਰਧਾਰਤ ਸਮੇਂ ਤੋਂ ਬਾਅਦ ਖ਼ਤਮ ਹੋ ਗਈ ਹੈ। ਕਲਾਸ ਵਿਚ ਜੋ ਵੀ ਵਾਪਰਦਾ ਹੈ, ਉਸ ਨੂੰ ਕਈ ਦਿਨਾਂ ਤੱਕ ਸੋਸ਼ਲ ਮੀਡੀਆ ਉੱਪਰ ਚਲਾਇਆ ਜਾ ਸਕਦਾ ਹੈ ਅਤੇ ਅਕਸਰ ਅਧਿਆਪਕ ਨੂੰ ਇਸ ਦੀ ਜਾਣਕਾਰੀ ਵੀ ਨਹੀਂ ਹੁੰਦੀ। ਅਧਿਆਪਕ ਨੂੰ ਫਿਰ ਉਨ੍ਹਾਂ ਲੋਕਾਂ ਦੁਆਰਾ ਜਵਾਬਦੇਹ ਠਹਿਰਾਇਆ ਜਾ ਸਕਦਾ ਹੈ, ਜੋ ਕਦੇ ਉਨ੍ਹਾਂ ਦੀ ਜਮਾਤ ਦਾ ਹਿੱਸਾ ਨਹੀਂ ਰਹੇ, ਉਹ ਲੋਕ ਜਿਨ੍ਹਾਂ ਨੂੰ ਉਸ ਨੇ ਕਦੇ ਨਹੀਂ ਜਾਣਿਆ ਅਤੇ ਜਿਨ੍ਹਾਂ ਦੇ ਵਿਚਾਰਾਂ ਦਾ ਉਸ ਨੂੰ ਹੁਣ ਸਾਹਮਣਾ ਕਰਨਾ ਪਵੇਗਾ।

ਮਹਾਰਾਸ਼ਟਰ ਦੇ ਕੋਲਹਾਪੁਰ ਇੰਸਟੀਚਿਊਟ ਆਫ ਟੈਕਨਾਲੋਜੀ ਕਾਲਜ ਆਫ ਇੰਜੀਨੀਅਰਿੰਗ ਵਿਚ ਭੌਤਿਕ ਵਿਗਿਆਨ ਦੀ ਐਸੋਸੀਏਟ ਪ੍ਰੋਫੈਸਰ ਤੇਜਸਵਿਨੀ ਦੇਸਾਈ ਨੂੰ ਉਸ ਦੇ ਵਿਰੁੱਧ ਜਾਂਚ ਪੂਰੀ ਹੋਣ ਤੱਕ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ।

ਉਸ ਨੇ ਗ਼ਲਤ ਕੀ ਕੀਤਾ?

ਪ੍ਰੋਫੈਸਰ ਦੇਸਾਈ ਮਨੁੱਖੀ ਕਦਰਾਂ-ਕੀਮਤਾਂ ਉੱਪਰ ਕਲਾਸ ਲੈ ਰਹੀ ਸੀ। ਇਹ ਉਸ ਦੀ ਨਿਯਮਤ ਕਲਾਸ ਨਹੀਂ ਸੀ; ਉਹ ਪਿਛਲੇ ਲੈਕਚਰਾਰ ਦੇ ਅਸਤੀਫ਼ੇ ਤੋਂ ਬਾਅਦ ਇਹ ਜ਼ਿੰਮੇਵਾਰੀ ਸੰਭਾਲ ਰਹੀ ਸੀ। ਵਿਦਿਆਰਥੀਆਂ ਨੇ ਉਸ ਨੂੰ ਦੱਸਿਆ ਕਿ ਕਲਾਸ ਵਿਚ ਵਿਤਕਰੇ ਦੇ ਵਿਚਾਰ ਉੱਪਰ ਚਰਚਾ ਕੀਤੀ ਜਾ ਰਹੀ ਸੀ ਅਤੇ ਉਹ ਚਾਹੁੰਦੇ ਹਨ ਕਿ ਉਸੇ ਉੱਪਰ ਗੱਲਬਾਤ ਜਾਰੀ ਰੱਖੀ ਜਾਵੇ। ਪ੍ਰੋਫੈਸਰ ਨੇ ਸਹਿਮਤੀ ਪ੍ਰਗਟਾਈ ਅਤੇ ਲਿੰਗ ਵਿਤਕਰੇ ਉੱਪਰ ਚਰਚਾ ਦੀ ਤਜਵੀਜ਼ ਪੇਸ਼ ਕੀਤੀ, ਜਦਕਿ ਵਿਦਿਆਰਥੀਆਂ ਨੇ ਇਸ ਦੀ ਬਜਾਏ ਧਾਰਮਿਕ ਵਿਤਕਰੇ ਉੱਪਰ ਚਰਚਾ ਕਰਨ ਦੀ ਜ਼ਿੱਦ ਕੀਤੀ, ਜਿਸ ਲਈ ਉਹ ਸਹਿਮਤ ਹੋ ਗਈ।

ਪ੍ਰੋਫੈਸਰ ਦੇਸਾਈ ਚਰਚਾ ਦੇ ਪ੍ਰਸੰਗ ਤੋਂ ਜਾਣੂ ਸੀ। ਕੋਲਹਾਪੁਰ ਅਜੇ ਫਿਰਕੂ ਹਿੰਸਾ ਦੀਆਂ ਘਟਨਾਵਾਂ 'ਚੋਂ ਬਾਹਰ ਆ ਰਿਹਾ ਸੀ, ਜੋ ਕਿਸੇ ਵੱਲੋਂ ਔਰੰਗਜ਼ੇਬ ਦੀ ਤਸਵੀਰ ਨੂੰ ਆਪਣੇ ਸੋਸ਼ਲ ਮੀਡੀਆ ਅਕਾਊਂਟ ਦਾ ਸਟੇਟਸ ਬਣਾਉਣ ਤੋਂ ਬਾਅਦ ਭੜਕ ਉੱਠੀ ਸੀ। ਇਸ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਇਸ ਵਿਸ਼ੇ ਉੱਪਰ ਚਰਚਾ ਕਰਨ ਲਈ ਸਹਿਮਤ ਹੋਣਾ ਪ੍ਰੋਫੈਸਰ ਦੇਸਾਈ ਦੀ ਦਲੇਰੀ ਸੀ। ਸਾਰੇ ਅਧਿਆਪਕਾਂ ਵਾਂਗ ਉਸ ਨੇ ਵੀ ਮਹਿਸੂਸ ਕੀਤਾ ਹੋਵੇਗਾ ਕਿ ਜੇ ਵਿਦਿਆਰਥੀ ਉਸ ਵਿਸ਼ੇ ਬਾਰੇ ਸਿੱਖਣਾ ਚਾਹੁੰਦੇ ਹਨ ਤਾਂ ਉਨ੍ਹਾਂ ਨਾਲ ਇਹ ਚਰਚਾ ਕਰਨ 'ਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ।

ਚਰਚਾ ਦੌਰਾਨ ਕੁਝ ਵਿਦਿਆਰਥੀਆਂ ਨੇ ਮੁਸਲਮਾਨਾਂ ਸੰਬੰਧੀ ਉਨ੍ਹਾਂ ਤੁਅੱਸਬਾਂ ਅਤੇ ਝੂਠੇ ਦਾਅਵਿਆਂ ਨੂੰ ਦੁਹਰਾਉਣਾ ਸ਼ੁਰੂ ਕਰ ਦਿੱਤਾ, ਜੋ ਅੱਜ ਹਿੰਦੂ ਸਮਾਜ ਵਿਚ ਪ੍ਰਚੱਲਤ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਸਾਰੇ ਮੁਸਲਮਾਨ ਬਲਾਤਕਾਰੀ, ਹਿੰਸਕ ਅਤੇ ਹਿੰਦੂ ਤਿਉਹਾਰਾਂ ਵਿਚ ਰੁਕਾਵਟ ਪਾਉਣ ਵਾਲੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਬਾਬਰੀ ਮਸਜਿਦ ਨੂੰ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਢਾਹ ਦਿੱਤਾ ਗਿਆ ਸੀ।

ਪ੍ਰੋਫੈਸਰ ਦੇਸਾਈ ਇਹ ਵਿਚਾਰ ਸੁਣ ਕੇ ਹੈਰਾਨ ਰਹਿ ਗਈ। ਉਸ ਨੇ ਇਹ ਦੱਸਦੇ ਹੋਏ ਜਵਾਬ ਦਿੱਤਾ ਕਿ ਬਲਾਤਕਾਰ ਇਕ ਜੁਰਮ ਹੈ, ਜੋ ਕਿਸੇ ਵੀ ਧਰਮ ਦੇ ਮਰਦਾਂ ਦੁਆਰਾ ਕੀਤਾ ਜਾ ਸਕਦਾ ਹੈ, ਦੇਸ਼ਮੁਖ ਜਾਂ ਪਾਟਿਲ ਭਾਈਚਾਰਿਆਂ ਦੇ ਮਰਦ ਵੀ ਇਸ ਤੋਂ ਬਾਹਰ ਨਹੀਂ ਹਨ (ਜੋ ਮਹਾਰਾਸ਼ਟਰ ਵਿਚ ਪ੍ਰਮੁੱਖ ਜਾਤੀ ਸਮੂਹ ਹੈ)।

ਪ੍ਰੋਫੈਸਰ ਦੇਸਾਈ ਨੂੰ ਨਹੀਂ ਸੀ ਪਤਾ ਕਿ ਕੁਝ ਵਿਦਿਆਰਥੀ ਕਲਾਸ-ਰੂਮ ਵਿਚ ਹੋ ਰਹੀ ਗੱਲਬਾਤ ਨੂੰ ਰਿਕਾਰਡ ਕਰ ਰਹੇ ਸਨ। ਕਲਾਸ ਤੋਂ ਲੱਗਭੱਗ ਇਕ ਹਫ਼ਤੇ ਬਾਅਦ ਉਸ ਨੂੰ ਪ੍ਰਿੰਸੀਪਲ ਦੇ ਦਫ਼ਤਰ ਵਿਚ ਬੁਲਾਇਆ ਗਿਆ, ਜਿੱਥੇ ਇਕ ਪੁਲਸ ਅਧਿਕਾਰੀ ਵੀ ਮੌਜੂਦ ਸੀ। ਉਸ ਨੂੰ ਸੂਚਿਤ ਕੀਤਾ ਗਿਆ ਕਿ ਗੱਲਬਾਤ ਦਾ ਇਕ ਸੰਪਾਦਤ ਵੀਡੀਓ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਪਰ ਘੁੰਮ ਰਿਹਾ ਹੈ। ਵੀਡੀਓ ਵਿਚ ਦੋਸ਼ ਲਗਾਇਆ ਗਿਆ ਹੈ ਕਿ ਉਸ ਨੇ ਪਾਟਿਲਾਂ ਅਤੇ ਦੇਸ਼ਮੁਖਾਂ ਨੂੰ ਬਲਾਤਕਾਰੀ ਦੱਸਦੇ ਹੋਏ ਔਰੰਗਜ਼ੇਬ ਨੂੰ ਚੰਗਾ ਬੰਦਾ ਕਿਹਾ ਸੀ। ਪ੍ਰੋਫੈਸਰ ਦੇਸਾਈ ਇਹ ਦੇਖ ਕੇ ਹੈਰਾਨ ਰਹਿ ਗਈ ਕਿ ਉਸ ਦੀਆਂ ਟਿੱਪਣੀਆਂ ਨੂੰ ਪੂਰੀ ਤਰ੍ਹਾਂ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਸੀ।

ਪੁਲਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਸੋਸ਼ਲ ਮੀਡੀਆ ਉੱਪਰ ਸ਼ੇਅਰ ਹੋ ਰਹੀ ਵੀਡੀਓ ਦੇਖੀ ਹੈ ਅਤੇ ਉਸ ਤੋਂ ਪੁੱਛਗਿੱਛ ਕਰਨ ਲਈ ਕਾਲਜ ਵਿਚ ਆਏ ਹਨ। ਪੁਲਸ ਦੀ ਏਨੀ ਫ਼ੁਰਤੀਲੀ ਕਾਰਵਾਈ ਦੇਖ ਕੇ ਹੈਰਾਨੀ ਹੁੰਦੀ ਹੈ!

ਪ੍ਰੋਫੈਸਰ ਤੇਜਸਵਨੀ ਦੇਸਾਈ

ਕਾਲਜ ਪ੍ਰਸ਼ਾਸਨ ਨੇ ਪ੍ਰੋਫੈਸਰ ਦੇਸਾਈ ਨੂੰ ਮਾਫ਼ੀ ਮੰਗ ਕੇ ਮਾਮਲਾ ਸੁਲਝਾਉਣ ਲਈ ਕਿਹਾ, ਪਰ ਉਹ ਆਪਣੀ ਗੱਲ 'ਤੇ ਡਟੀ ਰਹੀ ਅਤੇ ਮਾਫ਼ੀ ਮੰਗਣ ਤੋਂ ਇਨਕਾਰ ਕਰ ਦਿੱਤਾ। ਨਤੀਜੇ ਵਜੋਂ ਇਸ ਮਾਮਲੇ ਦੀ ਜਾਂਚ ਲਈ ਇਕ ਕਮੇਟੀ ਬਣਾਈ ਗਈ ਹੈ ਅਤੇ ਉਸ ਨੂੰ ਉਦੋਂ ਤੱਕ ਛੁੱਟੀ 'ਤੇ ਜਾਣ ਲਈ ਕਿਹਾ ਗਿਆ ਹੈ।

ਅਸੀਂ ਪ੍ਰੋਫੈਸਰ ਦੇਸਾਈ ਦੀ ਉਸ ਹਿੰਮਤ ਦੀ ਦਾਦ ਦੇ ਸਕਦੇ ਹਾਂ, ਪਰ ਅਧਿਆਪਕਾਂ ਨੂੰ ਆਪਣੀ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਆਮ ਡਿਊਟੀ ਨਿਭਾਉਣ ਲਈ ਅਜਿਹੀ ਅਸਾਧਾਰਣ ਹਿੰਮਤ ਦੀ ਲੋੜ ਨਹੀਂ ਹੋਣੀ ਚਾਹੀਦੀ। ਇਕ ਅਧਿਆਪਕ ਵਜੋਂ ਆਪਣੀ ਡਿਊਟੀ ਨਿਭਾਉਂਦੇ ਹੋਏ ਬਿਲਕੁਲ ਇਹੀ ਤਾਂ ਪ੍ਰੋਫੈਸਰ ਦੇਸਾਈ ਕਰ ਰਹੀ ਸੀ। ਉਹ ਉਹੀ ਤਾਂ ਕਰ ਰਹੀ ਸੀ, ਜੋ ਸਾਰੇ ਅਧਿਆਪਕਾਂ ਨੂੰ ਕਰਨਾ ਚਾਹੀਦਾ ਹੈ। ਜਿਵੇਂ ਕਿ ਪ੍ਰੋਫੈਸਰ ਦੇਸਾਈ ਨੇ ਕਿਹਾ ਹੈ, ਉਸ ਨੇ ਆਪਣੇ ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ ਉੱਪਰ ਵਿਚਾਰ ਕਰਨ, ਪੜਚੋਲੀਆ ਹੋ ਕੇ ਆਪਣੇ ਆਪ ਨੂੰ ਘੋਖਣ ਅਤੇ ਉਨ੍ਹਾਂ ਵਿਚਾਰਾਂ ਜਾਂ ਰਾਵਾਂ ਉੱਪਰ ਸਵਾਲ ਕਰਨ ਲਈ ਕਿਹਾ ਸੀ, ਜਿਨ੍ਹਾਂ ਨੂੰ ਉਨ੍ਹਾਂ ਦੇ ਪਰਵਾਰ ਬਹੁਤ ਮਹੱਤਵ ਦਿੰਦੇ ਹਨ।

ਇਹ ਵਿਦਿਆਰਥੀਆਂ ਲਈ ਅਮੁੱਕ ਪ੍ਰਕਿਰਿਆ ਹੈ, ਪਰ ਇਹੀ ਤਾਂ ਅਧਿਆਪਕਾਂ ਨੂੰ ਕਰਨਾ ਚਾਹੀਦਾ ਹੈ : ਵਿਦਿਆਰਥੀਆਂ ਨੂੰ ਸੁਤੰਤਰ ਤੌਰ 'ਤੇ ਸੋਚਣ ਲਈ ਵੰਗਾਰਨਾ ਅਤੇ ਉਕਸਾਉਣਾ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਇਹ ਸਿਖਾਉਣ ਦੀ ਜ਼ਰੂਰਤ ਹੁੰਦੀ ਹੈ ਕਿ ਉਹ ਜੋ ਵੀ ਕਰਦੇ ਹਨ, ਉਹ ਦੂਜਿਆਂ ਲਈ ਹਮਦਰਦੀ ਨਾਲ ਲਬਰੇਜ਼ ਹੋਣਾ ਚਾਹੀਦਾ ਹੈ। ਜੇਕਰ ਇਹ ਮਨੁੱਖੀ ਕਦਰਾਂ-ਕੀਮਤਾਂ ਦੀ ਸਿੱਖਿਆ ਦੇਣ ਵਾਲੀ ਜਮਾਤ ਵਿਚ ਨਹੀਂ ਸਿਖਾਇਆ ਜਾਣਾ, ਤਾਂ ਹੋਰ ਕਿੱਥੇ ਸਿਖਾਇਆ ਜਾਵੇਗਾ?

ਮੁਸਲਮਾਨਾਂ ਪ੍ਰਤੀ ਆਪਣੇ ਵਿਦਿਆਰਥੀਆਂ 'ਚ ਬਣੇ ਤੁਅੱਸਬਾਂ ਉੱਪਰ ਸਵਾਲ ਉਠਾ ਕੇ ਪ੍ਰੋਫੈਸਰ ਦੇਸਾਈ ਦਰਅਸਲ ਉਸ ਬੁਨਿਆਦੀ ਸੋਚ ਨੂੰ ਦੂਰ ਕਰਨ ਵਿਚ ਮਦਦ ਕਰ ਰਹੀ ਸੀ, ਜੋ ਤੱਥਾਂ 'ਤੇ ਆਧਾਰਤ ਨਹੀਂ ਹੈ ਕਿ ਮੁਸਲਮਾਨਾਂ ਤੋਂ ਇਲਾਵਾ ਹੋਰ ਭਾਈਚਾਰਿਆਂ ਵਿਚ ਕੋਈ ਬਲਾਤਕਾਰੀ ਜਾਂ ਅਪਰਾਧੀ ਨਹੀਂ ਹੁੰਦਾ। ਇਹ ਕਿਵੇਂ ਸੰਭਵ ਹੈ ਕਿ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਇਹ ਨਹੀਂ ਪਤਾ ਕਿ ਬਲਾਤਕਾਰੀ ਉਨ੍ਹਾਂ ਦੇ ਆਪਣੇ ਭਾਈਚਾਰੇ ਸਮੇਤ ਸਾਰੇ ਭਾਈਚਾਰਿਆਂ ਵਿਚ ਮਿਲ ਸਕਦੇ ਹਨ? ਉਹ ਕੀ ਪੜ੍ਹ ਰਹੇ ਹਨ? ਉਹ ਕਿਸ ਨੂੰ ਸੁਣਦੇ ਰਹੇ ਹਨ? ਉਨ੍ਹਾਂ ਦੀਆਂ ਅਜਿਹੀਆਂ ਗ਼ਲਤ ਧਾਰਨਾਵਾਂ ਕਿਵੇਂ ਬਣਾਈਆਂ ਗਈਆਂ ਹਨ?

ਵਿਦਿਆਰਥੀਆਂ ਨੂੰ ਕੱਟੜਪੰਥੀ ਬੋਲੀ ਬੋਲਦੇ ਹੋਏ ਦੇਖਣਾ ਅਤੇ ਬਸ ਸ਼ਾਂਤੀ ਬਣਾਈ ਰੱਖਣ ਲਈ ਚੁੱਪ ਰਹਿਣਾ ਅਧਿਆਪਨ ਦੇ ਕਿੱਤੇ ਨਾਲ ਧੋਖਾ ਹੈ। ਉਨ੍ਹਾਂ ਦੀਆਂ ਗ਼ਲਤ ਧਾਰਨਾਵਾਂ ਨੂੰ ਦਰੁਸਤ ਕਰਕੇ ਪ੍ਰੋਫੈਸਰ ਦੇਸਾਈ ਨਾ ਸਿਰਫ਼ ਉਨ੍ਹਾਂ ਨੂੰ ਕੱਟੜਪੰਥੀ ਵਿਚਾਰਾਂ ਤੋਂ ਆਜ਼ਾਦ ਕਰਾ ਰਹੀ ਸੀ, ਸਗੋਂ ਉਨ੍ਹਾਂ ਦਾ ਮਾਨਵੀਕਰਨ ਵੀ ਕਰ ਰਹੀ ਸੀ। ਇਸ ਸਮੇਂ ਸਾਰੇ ਅਧਿਆਪਕ ਇਹੀ ਕਰ ਰਹੇ ਹੋਣੇ ਚਾਹੀਦੇ ਹਨ। ਬਦਕਿਸਮਤੀ ਨਾਲ ਸੱਤਾ 'ਚ ਬੈਠੇ ਲੋਕ ਨਹੀਂ ਚਾਹੁੰਦੇ ਕਿ ਅਜਿਹਾ ਹੋਵੇ।

ਨਿਚੋੜ ਇਹ ਹੈ ਕਿ ਇਹ ਪ੍ਰੋਫੈਸਰ ਦੇਸਾਈ ਨਹੀਂ, ਸਗੋਂ ਉਨ੍ਹਾਂ ਦੇ ਕੁਝ ਵਿਦਿਆਰਥੀ ਸਨ, ਜਿਨ੍ਹਾਂ ਨੇ ਕਲਾਸ ਰੂਮ ਦੇ ਨਿਯਮਾਂ ਦੀ ਉਲੰਘਣਾ ਕੀਤੀ। ਕਲਾਸ ਰੂਮ ਜਨਤਕ ਫੋਰਮ ਨਹੀਂ ਹੈ; ਇਹ ਅਧਿਆਪਕ ਅਤੇ ਵਿਦਿਆਰਥੀਆਂ ਵਿਚਕਾਰ ਉਨ੍ਹਾਂ ਵੱਲੋਂ ਬਣਾਈ ਇਕ ਸਪੇਸ ਹੈ। ਇਹ ਗਲੀ ਨਾਲੋਂ ਵਧੇਰੇ ਖੁੱਲ੍ਹੀ ਅਤੇ ਸੁਰੱਖਿਅਤ ਹੈ, ਇਹ ਵਿਚਾਰਾਂ ਦੇ ਸੁਤੰਤਰ ਪ੍ਰਗਟਾਵੇ ਦੀ ਇਜਾਜ਼ਤ ਦਿੰਦੀ ਹੈ, ਜੋ ਕਿ ਹੋਰ ਕਿਤੇ ਸੰਭਵ ਨਹੀਂ ਹੈ। ਇੱਥੇ ਉਹ ਵਿਚਾਰ ਸਾਂਝੇ ਕੀਤੇ ਜਾ ਸਕਦੇ ਹਨ, ਜੋ ਬਾਹਰ ਮੁਸੀਬਤ ਖੜ੍ਹੀ ਕਰ ਸਕਦੇ ਹਨ। ਇਸੇ ਕਰਕੇ ਅਧਿਆਪਕ ਜਮਾਤ ਵਿਚ ਵਿਦਿਆਰਥੀਆਂ ਵੱਲੋਂ ਪ੍ਰਗਟਾਏ ਵਿਚਾਰਾਂ ਨੂੰ ਕਦੇ ਵੀ ਜਨਤਕ ਨਹੀਂ ਕਰਦੇ ਅਤੇ ਨਾ ਹੀ ਉਨ੍ਹਾਂ ਦੇ ਨਾਵਾਂ ਦਾ ਖ਼ੁਲਾਸਾ ਕਰਦੇ ਹਨ। ਕਲਾਸ ਰੂਮ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਲਈ ਇਕ ਸੁਰੱਖਿਅਤ ਥਾਂ ਹੋਣੀ ਚਾਹੀਦੀ ਹੈ।

ਕੈਂਪਸ ਅਤੇ ਕਲਾਸ ਰੂਮ ਵਿਚਾਰਾਂ ਦੀਆਂ ਪ੍ਰਯੋਗਸ਼ਾਲਾਵਾਂ ਵਜੋਂ ਕੰਮ ਕਰਦੇ ਹਨ। ਅਧਿਆਪਕ ਇੱਥੇ ਵਿਦਿਆਰਥੀਆਂ ਨੂੰ ਆਪਣੇ ਮਨ ਦੀ ਗੱਲ ਕਹਿਣ ਲਈ ਉਤਸ਼ਾਹਤ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਅਜਿਹਾ ਮੌਕਾ ਹੋਰ ਕਿੱਥੇ ਮਿਲੇਗਾ? ਪਰਵਾਰ ਤੋਂ ਸ਼ੁਰੂ ਹੋ ਕੇ ਸਮਾਜ ਦੇ ਹਰ ਪਹਿਲੂ ਵਿਚ ਰੋਕਾਂ ਅਤੇ ਸੈਂਸਰਸ਼ਿਪ ਮੌਜੂਦ ਹੈ।

ਕਲਾਸ ਰੂਮ ਆਪਸੀ ਵਿਸ਼ਵਾਸ ਦੇ ਅਧਾਰ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਇਕ ਅਣਕਹੇ ਸਮਝੌਤੇ ਉੱਪਰ ਬਣਾਇਆ ਗਿਆ ਹੈ। ਜਿਸ ਤਰ੍ਹਾਂ ਵਿਦਿਆਰਥੀਆਂ ਨੂੰ ਖੁੱਲ੍ਹ ਕੇ ਆਪਣੇ ਵਿਚਾਰ ਪੇਸ਼ ਕਰਨ ਦੀ ਇਜਾਜ਼ਤ ਹੈ, ਉਸੇ ਤਰ੍ਹਾਂ ਅਧਿਆਪਕ ਵੀ ਆਪਣੇ ਵਿਚਾਰ ਪੇਸ਼ ਕਰਨ ਲਈ ਆਜ਼ਾਦ ਹਨ। ਉਨ੍ਹਾਂ ਦੀ ਭੂਮਿਕਾ ਵਿਚਾਰਾਂ ਦੀ ਖੇਡ ਵਿਚ ਅੰਪਾਇਰਾਂ ਵਜੋਂ ਕੰਮ ਕਰਨਾ ਨਹੀਂ ਹੈ; ਇਸ ਦੀ ਬਜਾਇ, ਉਨ੍ਹਾਂ ਦੀ ਸਿਖਲਾਈ ਅਤੇ ਪੁਜ਼ੀਸ਼ਨ ਉਨ੍ਹਾਂ ਉੱਪਰ ਵਧੇਰੇ ਭਾਰੀ ਜ਼ਿੰਮੇਵਾਰੀ ਪਾਉਂਦੀ ਹੈ। ਇਹ ਸਿਖਾਉਣਾ ਉਨ੍ਹਾਂ ਦਾ ਫਰਜ਼ ਹੈ ਕਿ ਵਿਦਿਆਰਥੀ ਕਿਵੇਂ ਸੋਚਣ ਅਤੇ ਜ਼ਿੰਮੇਵਾਰੀ ਨਾਲ ਕਿਵੇਂ ਸੋਚਣ। ਪ੍ਰੋਫੈਸਰ ਦੇਸਾਈ ਬਿਲਕੁਲ ਇਹੀ ਕਰ ਰਹੀ ਸੀ।

ਸਵੈ-ਸੈਂਸਰਸ਼ਿਪ ਦਾ ਅਧਿਆਪਨ ਅਤੇ ਸਿੱਖਣ ਉੱਪਰ ਅਸਰ ਪਵੇਗਾ

ਜਿਨ੍ਹਾਂ ਵਿਦਿਆਰਥੀਆਂ ਨੇ ਕਲਾਸ ਰੂਮ ਵਿਚਲੀ ਚਰਚਾ ਨੂੰ ਰਿਕਾਰਡ ਕੀਤਾ ਅਤੇ ਇਸ ਦਾ ਵੱਢਿਆ-ਟੁੱਕਿਆ ਰੂਪ ਜਨਤਕ ਕੀਤਾ, ਉਨ੍ਹਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚਕਾਰ ਇਕਰਾਰਨਾਮੇ ਦੀ ਉਲੰਘਣਾ ਕੀਤੀ ਹੈ, ਜਿਸ ਤੋਂ ਬਿਨਾਂ ਕੋਈ ਵੀ ਕਲਾਸ ਕੰਮ ਨਹੀਂ ਕਰ ਸਕਦੀ। ਅਜਿਹਾ ਕਰਕੇ ਉਨ੍ਹਾਂ ਨੇ ਨਾ ਸਿਰਫ਼ ਪ੍ਰੋਫੈਸਰ ਦੇਸਾਈ ਨੂੰ ਖ਼ਤਰੇ ਵਿਚ ਪਾਇਆ, ਸਗੋਂ ਹੋਰ ਵਿਦਿਆਰਥੀਆਂ ਨੂੰ ਵੀ ਨੁਕਸਾਨ ਪਹੁੰਚਾਇਆ। ਇਸ ਵਿਚ ਸਿਰਫ਼ ਉਨ੍ਹਾਂ ਦੇ ਕਾਲਜ ਦੇ ਵਿਦਿਆਰਥੀ ਹੀ ਨਹੀਂ, ਬਲਕਿ ਭਾਰਤ ਭਰ ਦੀਆਂ ਹੋਰ ਸੰਸਥਾਵਾਂ ਦੇ ਵਿਦਿਆਰਥੀ ਵੀ ਸ਼ਾਮਲ ਹਨ।

ਹੁਣ ਅਧਿਆਪਕ ਚੁਕੰਨੇ ਹੋ ਜਾਣਗੇ ਅਤੇ ਬੋਲਣ ਤੋਂ ਗੁਰੇਜ਼ ਕਰਨਗੇ। ਉਹ ਸਵੈ-ਸੈਂਸਰਸ਼ਿਪ ਲਾਗੂ ਕਰਨਾ ਸ਼ੁਰੂ ਕਰ ਲੈਣਗੇ ਅਤੇ ਵਿਦਿਆਰਥੀਆਂ ਤੋਂ ਦੂਰੀ ਬਣਾ ਲੈਣਗੇ। ਪ੍ਰਚਲਤ ਰਾਏ ਅਤੇ ਭੀੜ ਦੀ ਮਾਨਸਿਕਤਾ ਚੁਣੌਤੀ ਰਹਿਤ ਹੋਵੇਗੀ। ਇਹ ਅਧਿਆਪਕਾਂ ਲਈ ਤਾਂ ਨੁਕਸਾਨ ਹੈ ਹੀ, ਪਰ ਵਿਦਿਆਰਥੀਆਂ ਲਈ ਇਸ ਤੋਂ ਵੀ ਵੱਡਾ ਨੁਕਸਾਨ ਹੈ। ਜੇਕਰ ਵਿਦਿਆਰਥੀਆਂ ਨੂੰ ਦਲੀਲਬਾਜ਼ੀ, ਤੱਥਾਂ ਅਤੇ ਤਰਕ ਦੀ ਲੋਅ 'ਚ ਸਵੈ-ਚਿੰਤਨ ਕਰਨ ਅਤੇ ਆਪਣੇ ਵਿਚਾਰਾਂ ਦੀ ਪੜਚੋਲੀਆ ਹੋ ਕੇ ਜਾਂਚ ਕਰਨ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਨਹੀਂ ਕੀਤਾ ਜਾਂਦਾ ਤਾਂ ਉਹ ਕਿਵੇਂ ਸਿੱਖਣਗੇ ਅਤੇ ਕੀ ਸਿੱਖਣਗੇ?

ਕੋਲਹਾਪੁਰ ਦੀ ਇਸ ਘਟਨਾ ਨੇ ਮੈਨੂੰ ਕੇਰਲ ਦੀ ਕੇਂਦਰੀ ਯੂਨੀਵਰਸਿਟੀ ਦੇ ਗਿਲਬਰਟ ਸੇਬੇਸਟੀਅਨ ਦੀ ਯਾਦ ਦਿਵਾ ਦਿੱਤੀ ਜਿਸ ਦੀ ਕਲਾਸ ਵਿਚ ਫਾਸ਼ੀਵਾਦ ਬਾਰੇ ਪੇਸ਼ਕਾਰੀ ਵੀ ਪ੍ਰੋਫੈਸਰ ਦੇਸਾਈ ਦੇ ਕੇਸ ਵਾਂਗ ਹੀ ਜਨਤਕ ਕੀਤੀ ਗਈ ਸੀ। ਭਾਜਪਾ ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵਰਗੀਆਂ ਜਥੇਬੰਦੀਆਂ ਨੇ ਪ੍ਰਸ਼ਾਸਨ ਨੂੰ ਸੇਬੇਸਟੀਅਨ ਨੂੰ ਮੁਅ

23-July-Sunday.qxd 7/22/2023 9:00 PM Page 5

ਚੰਦਰ-ਯਾਨ ਪੁਲਾੜ ਵੱਲ ਵਧ ਰਿਹੈ, ਦੇਸ਼ ਪਿਛਲੇ ਗੇਅਰ ਵਿੱਚ ਫਸਦਾ ਜਾਪਣ ਲੱਗ ਪਿਐ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਕਦੇ-ਕਦੇ ਇਹੋ ਜਿਹੇ ਮੌਕੇ ਸਾਡੇ ਮੂਹਰੇ ਆ ਜਾਂਦੇ ਹਨ, ਜਦੋਂ ਕੁਝ ਲਿਖਣ ਨੂੰ ਦਿਲ ਕਰਦਾ ਹੈ, ਪਰ ਲਿਖਣ ਦੀ ਬਜਾਏ ਕਲਮ ਇੱਕ ਘੁੰਮਣਘੇਰੀ ਜਿਹੀ ਵਿੱਚ ਘੁੰਮੀ ਜਾਂਦੀ ਜਾਪਦੀ ਹੈ ਅਤੇ ਲਿਖਣ ਵਾਲੇ ਮੁੱਦਿਆਂ ਦਾ ਢੇਰ ਮੂਹਰੇ ਪਿਆ ਹੋਣ ਦੇ ਬਾਵਜੂਦ ਲਿਖਣ ਜਾਂ ਨਾ ਲਿਖਣ ਦੀਆਂ ਦਲੀਲਾਂ ਵਿੱਚ ਮਨ ਫਸ ਜਾਂਦਾ ਹੈ। ਇਸ ਵਕਤ ਭਾਰਤ ਦੇ ਰਾਜਸੀ ਦ੍ਰਿਸ਼ ਨੂੰ ਦੇਖਦੇ ਹੋਏ ਸਾਡੇ ਵਰਗੇ ਮਾੜੇ-ਚੰਗੇ ਕਾਲਮ-ਨਵੀਸਾਂ ਲਈ ਇੱਕ ਵਾਰ ਫਿਰ ਏਦਾਂ ਦੀ ਸਥਿਤੀ ਬਣੀ ਮਹਿਸੂਸ ਹੁੰਦੀ ਹੈ ਕਿ ਜੋ ਮਰਜ਼ੀ ਲਿਖੀ ਜਾਵੋ, ਹਾਲਾਤ ਜਿਸ ਵਹਿਣ ਵਿੱਚ ਵਗਦੇ ਪਏ ਹਨ, ਓਸੇ ਵਿੱਚ ਤੇ ਓਸੇ ਪਾਸੇ ਹੀ ਵਗਦੇ ਰਹਿਣੇ ਹਨ। ਕਿਸੇ ਵਕਤ ਅਸੀਂ ਭਾਰਤੀ ਲੋਕਤੰਤਰ ਦੇ ਕਦੀ ਤੇਜ਼ ਚਾਲ ਵਿੱਚ ਤੇ ਕਦੀ ਘੱਟ ਰਫਤਾਰ ਨਾਲ ਲਗਾਤਾਰ ਅੱਗੇ ਨੂੰ ਵਧਣ ਦੀਆਂ ਗੱਲਾਂ ਕਰਦੇ ਹੁੰਦੇ ਸਾਂ, ਅੱਜਕੱਲ੍ਹ ਭਾਰਤੀ ਲੋਕਤੰਤਰ ਦਾ ਭੇਜਿਆ ਕੋਈ ਚੰਦਰ-ਯਾਨ ਤਾਂ ਦੂਰ ਪੁਲਾੜ ਵਿੱਚ 'ਚੰਦਾ-ਮਾਮਾ ਵੱਲ ਵਧਦਾ ਦੱਸਿਆ ਜਾ ਰਿਹਾ ਹੈ, ਪਰ ਭਾਰਤੀ ਲੋਕਤੰਤਰ ਦਾ ਛੋਟਾ ਜਾਂ ਵੱਡਾ ਗੇਅਰ ਲੱਗਦਾ ਮਹਿਸੂਸ ਹੋਣ ਦੀ ਥਾਂ ਪਿਛਾਂਹ ਵੱਲ ਜਾਣ ਦਾ ਗੇਅਰ ਲੱਗਦਾ ਜਾਪਦਾ ਹੈ। ਮਨੀਪੁਰ ਦੀਆਂ ਘਟਨਾਵਾਂ ਨੇ ਬਹੁਤ ਸਾਰੇ ਲੋਕਾਂ ਦੇ ਮਨਾਂ ਉੱਤੇ ਸਾਡੇ ਵਾਂਗ ਇਹੋ ਸੋਚ ਭਾਰੂ ਹੋਣ ਦਾ ਚਿਰਾਂ ਤੱਕ ਰਹਿਣ ਵਾਲਾ ਅਣਚਾਹਿਆ ਮਾਹੌਲ ਬਣਾ ਦਿੱਤਾ ਹੈ।

ਸਾਡੀ ਪੀੜ੍ਹੀ ਦੇ ਲੋਕਾਂ ਨੇ ਬਹੁਤ ਸਾਰੇ ਉਤਾਰ-ਚੜ੍ਹਾਅ ਇਸ ਦੇਸ਼ ਵਿੱਚ ਵੇਖੇ ਹੋਏ ਹਨ, ਸਾਡੇ ਪੰਜਾਬ ਵਿੱਚ ਵੀ ਅਸੀਂ ਬਹੁਤ ਸਾਰੇ ਸਿਆਸੀ ਅਤੇ ਸਮਾਜੀ ਬਦਲਾਅ ਹੁੰਦੇ ਅਤੇ ਫਿਰ ਮੋੜਾ ਕੱਟਦੇ ਵੇਖ ਚੁੱਕੇ ਹਾਂ। ਉਨ੍ਹਾਂ ਸਾਰੇ ਹਾਲਾਤ ਵਿੱਚ ਇੱਕ ਗੱਲ ਕਹੀ ਤੇ ਸੁਣੀ ਜਾਂਦੀ ਸੀ ਕਿ ਇਸ ਦੇਸ਼ ਦੇ ਜਿਹੜੇ ਰਾਜ ਵਿੱਚ ਜਿਸ ਕਿਸੇ ਭਾਈਚਾਰੇ ਦੀ ਬਹੁ-ਗਿਣਤੀ ਹੈ, ਉਹ ਇਹ ਗੱਲ ਸੋਚੇ ਬਗੈਰ ਕਿ ਦੇਸ਼ ਵਿੱਚ ਕਿਹੜੀ ਧਿਰ ਦੀ ਬਹੁ-ਗਿਣਤੀ ਹੈ, ਆਪਣੇ ਦਬਦਬੇ ਵਾਲੇ ਖੇਤਰ ਵਿੱਚ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਓਦੋਂ ਇਹ ਕਹਿਣ ਨੂੰ ਦੇਰ ਨਹੀਂ ਸੀ ਲੱਗਦੀ ਕਿ ਏਦਾਂ ਦੇ ਹਾਲਾਤ ਵਿੱਚ ਜਿਸ ਭਾਈਚਾਰੇ ਦੀ ਘੱਟ-ਗਿਣਤੀ ਹੈ, ਉਸ ਨੂੰ ਉਸ ਰਾਜ ਦੀ ਜਾਂ ਦੇਸ਼ ਵਿਚਲੀ ਬਹੁ-ਗਿਣਤੀ ਦੀ ਸਰਪ੍ਰਸਤੀ ਲੈਣ ਵਿੱਚ ਆਪਣਾ ਹਿੱਤ ਜਾਪਦਾ ਹੈ, ਕਿਉਂਕਿ ਇਹੋ ਜਿਹੀ ਸਰਪ੍ਰਸਤੀ ਨਾਲ ਉਹ ਹਮਲਿਆਂ ਤੋਂ ਬਚੇ ਰਹਿ ਸਕਦੇ ਹਨ। ਮਨੀਪੁਰ ਦੇ ਹਾਲਾਤ ਨੇ ਅਤੇ ਇਸ ਤੋਂ ਪਹਿਲਾਂ ਕਈ ਹੋਰ ਰਾਜਾਂ ਵਿੱਚ ਬਣੀ ਹਾਲਤ ਨੇ ਇਹ ਪ੍ਰਭਾਵ ਵੀ ਨਹੀਂ ਰਹਿਣ ਦਿੱਤਾ ਤੇ ਕਿਹਾ ਜਾਣ ਲੱਗ ਪਿਆ ਹੈ ਕਿ ਬਹੁ-ਗਿਣਤੀ ਦੀ ਸਰਪ੍ਰਸਤੀ ਵੀ ਇੱਕ ਸੀਮਤ ਹੱਦ ਤੱਕ ਹੀ ਬਚਾਉਂਦੀ ਹੈ, ਨਵਾਂ ਮੋੜ ਆਉਂਦੇ ਸਾਰ ਇਹ ਸਰਪ੍ਰਸਤੀ ਵੀ ਕਿਸੇ ਭਰੋਸੇ ਦੀ ਗਾਰੰਟੀ ਨਹੀਂ ਰਹਿੰਦੀ ਅਤੇ ਘੱਟ-ਗਿਣਤੀ ਕਿਸੇ ਵੇਲੇ ਵੀ ਮਾਰ ਖਾ ਸਕਦੀ ਹੈ। ਅਸਲ ਵਿੱਚ ਉਸ ਦੀ ਸਥਾਈ ਗਾਰੰਟੀ ਦੇ ਭਾਰਤ ਦੇ ਸੰਵਿਧਾਨ ਵਿਚਲੇ ਸਾਰੇ ਪ੍ਰਬੰਧ ਵੀ ਨਿਗੂਣੇ ਜਾਪਦੇ ਹਨ। ਜੇ ਕੋਈ ਗਾਰੰਟੀ ਕਿਸੇ ਨਾਗਰਿਕ ਨੂੰ ਸਹਿਕ-ਸਹਿਕ ਦੇ ਦਿਨ ਕੱਟਣ ਲਈ ਮਜਬੂਰ ਕਰਦੀ ਹੈ ਤਾਂ ਉਹ ਗਾਰੰਟੀ ਵੀ ਕੀ ਹੋਵੇਗੀ!

ਮਨੀਪੁਰ ਵਿੱਚ ਪਿਛਲੀ ਵਿਧਾਨ ਸਭਾ ਚੋਣ ਸਾਡੇ ਪੰਜਾਬ ਦੇ ਨਾਲ ਹੋਈ ਸੀ ਤੇ ਉਸ ਰਾਜ ਵਿੱਚ ਓਸੇ ਪਾਰਟੀ ਨੂੰ ਮੁਕੰਮਲ ਬਹੁ-ਗਿਣਤੀ ਮਿਲੀ ਸੀ, ਜਿਹੜੀ ਇਹ ਕਹਿੰਦੀ ਹੈ ਕਿ ਭਵਿੱਖ ਦੀ ਖੁਸ਼ਹਾਲੀ ਡਬਲ ਇੰਜਣ ਵਾਲੀ ਸਰਕਾਰ ਹੀ ਗਾਰੰਟੀ ਕਰ ਸਕਦੀ ਹੈ। ਉਸ ਰਾਜ ਦੀਆਂ ਸੱਠ ਸੀਟਾਂ ਵਿੱਚੋਂ ਦੋ-ਤਿਹਾਈ ਰਿਜ਼ਰਵੇਸ਼ਨ ਦੇ ਬਿਨਾਂ ਹਨ ਅਤੇ ਉਹ ਸੀਟਾਂ ਸਾਰੇ ਦੇਸ਼ ਵਿਚਲੀ ਦਬਦਬੇ ਦੀ ਰਿਵਾਇਤ ਵਾਂਗ ਏਥੇ ਵੀ ਦਬਦਬੇ ਵਾਲੇ ਭਾਈਚਾਰੇ ਦੇ ਲੋਕਾਂ ਨੂੰ ਮਿਲਦੀਆਂ ਹਨ, ਜਦ ਕਿ ਕਮਜ਼ੋਰ ਗਿਣੇ ਜਾਂਦੇ ਕਬੀਲਿਆਂ ਦੇ ਲੋਕਾਂ ਵਾਸਤੇ ਬਾਕੀ ਵੀਹ ਸੀਟਾਂ ਹਨ। ਜਿੱਦਾਂ ਲੋਕ ਸਭਾ ਵਿੱਚ ਦਲਿਤ ਭਾਈਚਾਰੇ ਲਈ ਰਿਜ਼ਰਵ ਸੀਟਾਂ ਉੱਤੇ ਉਸ ਵੱਡੀ ਸਿਆਸੀ ਧਿਰ ਦੇ ਵੱਧ ਲੋਕ ਚੁਣੇ ਜਾਂਦੇ ਹਨ, ਜਿਹੜੀ ਦਲਿਤਾਂ ਨਾਲ ਧਾਰਮਿਕ ਤੇ ਜਾਤੀ ਵਿਤਕਰੇ ਦੀ ਪੁਰਾਤਨ ਧਾਰਨਾ ਦਾ ਖਹਿੜਾ ਨਹੀਂ ਛੱਡ ਸਕਦੀ, ਓਸੇ ਤਰ੍ਹਾਂ ਰਾਜਾਂ ਵਿੱਚ ਪੱਛੜੇ ਹੋਏ ਕਬੀਲਿਆਂ ਦੇ ਲੋਕਾਂ ਲਈ ਰਿਜ਼ਰਵ ਸੀਟਾਂ ਵਿੱਚੋਂ ਵੀ ਬਹੁਤੀਆਂ ਭਾਰੂ ਧਿਰ ਜਿੱਤਦੀ ਹੈ। ਮਨੀਪੁਰ ਵਿੱਚ ਦਬਦਬੇ ਦੀ ਮਾਰ ਖਾਂਦੇ ਰਹਿਣ ਵਾਲੇ ਕਬੀਲਿਆਂ ਦੇ ਲੋਕਾਂ ਨੇ ਇਹ ਸੋਚ ਕੇ ਭਾਰਤ ਦੀ ਉਸ ਪਾਰਟੀ ਦੇ ਵੱਧ ਉਮੀਦਵਾਰ ਜਿਤਾਏ ਸਨ ਕਿ ਤਕੜੀ ਧਿਰ ਵਿੱਚ ਸਾਡੇ ਇਹ ਬੰਦੇ ਹੋਣਗੇ ਤਾਂ ਸਾਡੇ ਜਾਨ-ਮਾਲ ਦੀ ਗਾਰੰਟੀ ਮਿਲਦੀ ਹੋਵੇਗੀ। ਰਿਜ਼ਰਵ ਸੀਟਾਂ ਵਾਲੇ ਵੀਹ ਵਿਧਾਇਕਾਂ ਵਿੱਚੋਂ ਅੱਠ ਜਣੇ ਚੋਣਾਂ ਵਿੱਚ ਭਾਜਪਾ ਦੀ ਟਿਕਟ ਉੱਤੇ ਚੁਣੇ ਗਏ ਤੇ ਕੁਝ ਦੂਸਰੀਆਂ ਧਿਰਾਂ ਵੱਲੋਂ ਜਿੱਤਣ ਦੇ ਬਾਅਦ ਉਸ ਦੇ ਨਾਲ ਜਾ ਮਿਲੇ ਸਨ ਤੇ ਕਹਿੰਦੇ ਸਨ ਕਿ ਉਨ੍ਹਾਂ ਨੇ ਆਪਣੇ ਭਾਈਚਾਰੇ ਦੇ ਹਿੱਤਾਂ ਲਈ ਇਸ ਤਰ੍ਹਾਂ ਕੀਤਾ ਹੈ।

ਤਿੰਨ ਮਹੀਨੇ ਦੇ ਕਰੀਬ ਹੋ ਚੱਲੇ ਹਨ, ਉਸ ਰਾਜ ਵਿੱਚ ਇਨ੍ਹਾਂ ਗਰੀਬ ਗਿਣੇ ਜਾਂਦੇ ਕਬਾਈਲੀ ਲੋਕਾਂ ਨੂੰ ਮਾਰ ਪੈਣ ਦੀ ਚਰਚਾ ਸਿਰਫ ਇਸ ਦੇਸ਼ ਵਿੱਚ ਨਹੀਂ, ਸੰਸਾਰ ਭਰ ਵਿੱਚ ਹੋਈ ਜਾਂਦੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨੇ ਜਦੋਂ ਫਰਾਂਸ ਦੌਰੇ ਲਈ ਉਸ ਦੇਸ਼ ਦੀ ਧਰਤੀ ਉੱਤੇ ਪੈਰ ਰੱਖਿਆ ਸੀ, ਜਹਾਜ਼ ਤੋਂ ਉੱਤਰਦੇ ਸਾਰ ਇਹ ਖਬਰ ਆ ਗਈ ਕਿ ਯੂਰਪ ਦੇ ਦੇਸ਼ਾਂ ਦੀ ਸਾਂਝੀ ਪਾਰਲੀਮੈਂਟ ਵਿੱਚ ਮਨੀਪੁਰ ਦੇ ਹਾਲਾਤ ਦੀ ਚਰਚਾ ਹੋਈ ਅਤੇ ਮਤਾ ਪੇਸ਼ ਕੀਤਾ ਗਿਆ ਹੈ, ਜਿਸ ਵਿੱਚ ਭਾਰਤ ਦੀ ਚੋਖੀ ਨੁਕਤਾਚੀਨੀ ਕੀਤੀ ਗਈ ਹੈ। ਭਾਰਤ ਦੀ ਸਦਾ ਵਾਂਗ ਇਹੋ ਰੱਟ ਸੀ ਕਿ ਇਹ ਅੰਦਰੂਨੀ ਮੁੱਦਾ ਹੈ ਅਤੇ ਇਸ ਬਾਰੇ ਕਿਸੇ ਬਾਹਰਲੇ ਨੂੰ ਚਰਚਾ ਕਰਨ ਦਾ ਹੱਕ ਨਹੀਂ। ਇਸ ਰਾਏ ਨਾਲ ਅਸੀਂ ਵੀ ਆਮ ਕਰ ਕੇ ਸਹਿਮਤੀ ਪ੍ਰਗਟ ਕਰ ਸਕਦੇ ਹਾਂ, ਪਰ ਭਾਰਤ ਦਾ ਪ੍ਰਧਾਨ ਮੰਤਰੀ ਜਦੋਂ ਅਮਰੀਕਾ ਦੀ ਚਲਦੀ ਚੋਣ ਦੌਰਾਨ ਓਥੇ ਇੱਕ ਮੈਗਾ ਸ਼ੋਅ ਕਰ ਕੇ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਨਾਅਰਾ ਦੇ ਆਇਆ ਸੀ ਤਾਂ ਓਦੋਂ ਦਾ ਮਿਹਣਾ ਸੁਣਨ ਲਈ ਸਾਨੂੰ ਸਭ ਨੂੰ ਤਿਆਰ ਰਹਿਣਾ ਪੈਂਦਾ ਹੈ। ਸਾਡਾ ਪ੍ਰਧਾਨ ਮੰਤਰੀ ਦੂਸਰੇ ਮੁਲਕਾਂ ਦੇ ਮਾਮਲਿਆਂ ਵਿੱਚ ਏਦਾਂ ਦਾ ਦਖਲ ਦੇਵੇਗਾ ਤਾਂ ਭਾਰਤ ਬਾਰੇ ਏਦਾਂ ਦੀ ਚਰਚਾ ਕਰਨ ਦਾ ਹੱਕ ਉਹ ਵੀ ਚਾਹੁਣਗੇ। ਮਨੀਪੁਰ ਦੀ ਚਰਚਾ ਵੀ ਦੁਨੀਆ ਵਿੱਚ ਥਾਂ-ਥਾਂ ਹੋ ਰਹੀ ਹੈ।

ਰੂਸ ਦੇ ਉਸ ਨੇਤਾ ਗੋਰਬਾਚੇਵ ਦਾ ਮੈਂ ਕਦੀ ਹਮਾਇਤੀ ਨਹੀਂ ਰਿਹਾ, ਜਿਹੜਾ ਬੇਗਾਨੇ ਹੱਥੀਂ ਖੇਡ ਕੇ ਆਪਣੇ ਦੇਸ਼ ਦੇ ਉਸ ਪ੍ਰਬੰਧ ਦੀਆਂ ਜੜ੍ਹਾਂ ਵੱਢਣ ਤੁਰ ਪਿਆ ਸੀ, ਜਿਸ ਪ੍ਰਬੰਧ ਨੇ ਉਸ ਨੂੰ ਸਿਖਰ ਤੱਕ ਪੁਚਾਇਆ ਸੀ, ਪਰ ਉਸ ਦੀ ਕਹੀ ਇੱਕ ਗੱਲ ਸਦਾ ਯਾਦ ਰਹਿਣੀ ਹੈ। ਉਹ ਕਹਿੰਦਾ ਹੁੰਦਾ ਸੀ ਕਿ ਜੇ ਬਾਹਰੀ ਲੋਕਾਂ ਤੋਂ ਆਪਣੇ ਘਰ ਦਾ ਗੰਦ ਲੁਕਾਈ ਰੱਖਣ ਲਈ ਗੰਦ ਨੂੰ ਦਰੀ ਹੇਠ ਢੱਕਦੇ ਜਾਵਾਂਗੇ ਤਾਂ ਇੱਕ ਦਿਨ ਉਸ ਦਰੀ ਹੇਠਾਂ ਏਨਾ ਗੰਦ ਹੋ ਜਾਵੇਗਾ ਕਿ ਬਦਬੂ ਵਧਣ ਨਾਲ ਲੋਕਾਂ ਤੱਕ ਇਹ ਗੱਲ ਆਪਣੇ ਆਪ ਚਲੀ ਜਾਵੇਗੀ। ਅਸਲੀ ਕੰਮ ਗੰਦ ਨੂੰ ਢੱਕਣ ਦੀ ਕੋਸ਼ਿਸ਼ ਦਾ ਨਹੀਂ, ਘਰ ਵਿੱਚ ਸਫਾਈ ਰੱਖਣ ਤੇ ਗੰਦ ਨਾ ਪੈਣ ਦੇਣ ਦਾ ਹੈ। ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਵੀ ਇਸ ਵਕਤ ਇੱਕ ਜਾਂ ਦੂਸਰੇ ਕਿਸਮ ਦੀ ਫਿਰਕਾਪ੍ਰਸਤੀ, ਇੱਕ ਜਾਂ ਦੂਸਰੇ ਕਿਸਮ ਦਾ ਜਾਤੀਵਾਦ, ਇੱਕ ਜਾਂ ਦੂਸਰੇ ਭਾਰੂ ਭਾਈਚਾਰੇ ਦੀ ਦੂਸਰਿਆਂ ਨੂੰ ਕੁਟਾਪਾ ਚਾੜ੍ਹਨ ਦੀ ਇੱਛਾ ਬੇਲਗਾਮ ਹੁੰਦੇ ਜਾਣ ਦੀ ਪ੍ਰਵਿਰਤੀ ਵਧੀ ਜਾਂਦੀ ਹੈ। ਉਹ ਸਮਾਂ ਨਹੀਂ ਰਿਹਾ ਕਿ ਜਿਸ ਰਾਜ ਵਿੱਚ ਜਿਸ ਭਾਈਚਾਰੇ ਦੀ ਬਹੁ-ਗਿਣਤੀ ਹੈ, ਉਸ ਥਾਂ ਦਬਦਬਾ ਵੀ ਓਸੇ ਦਾ ਹੋਵੇਗਾ, ਨਵੀਂ ਹਾਲਤ ਇਸ ਤਰ੍ਹਾਂ ਦੀ ਬਣ ਰਹੀ ਹੈ ਕਿ ਰਾਜਾਂ ਵਿੱਚ ਕਿਸੇ ਧਿਰ ਦੀ ਘੱਟ ਜਾਂ ਵੱਧ ਗਿਣਤੀ ਨਹੀਂ, ਦੇਸ਼ ਪੱਧਰ ਉੱਤੇ ਜਿਨ੍ਹਾਂ ਦੀ ਬਹੁ-ਗਿਣਤੀ ਹੈ ਤੇ ਉਹ ਇਸ ਨੂੰ ਆਪਣੇ ਦਬਦਬੇ ਦਾ ਹਥਿਆਰ ਮੰਨਦੇ ਹਨ ਤੇ ਹੱਕ ਵੀ ਮੰਨਦੇ ਹਨ, ਰਾਜਾਂ ਦੀ ਬਹੁ-ਗਿਣਤੀ ਦੇ ਸਿਰ ਗਿਣੇ ਬਿਨਾਂ ਓਥੇ ਵੀ ਦਬਦਬਾ ਇੱਕ ਤਰ੍ਹਾਂ ਓਸੇ ਧਿਰ ਦਾ ਹੋ ਜਾਂਦਾ ਹੈ ਅਤੇ ਬਾਕੀ ਧਿਰਾਂ ਉਸ ਦਬਦਬੇ ਅੱਗੇ ਜਾਂ ਝੁਕੀ ਜਾਂਦੀਆਂ ਹਨ ਜਾਂ ਫਿਰ ਉਨ੍ਹਾਂ ਨੂੰ ਹਾਲਾਤ ਦਾ ਮਾੜਾ-ਚੰਗਾ ਭੁਗਤਣ ਨੂੰ ਤਿਆਰ ਰਹਿਣਾ ਪੈ ਸਕਦਾ ਹੈ। ਮਨੀਪੁਰ ਵਿੱਚ ਇਹ ਪ੍ਰਭਾਵ ਬਾਅਦ ਵਿੱਚ ਮਿਲਿਆ ਹੈ, ਕਈ ਹੋਰ ਰਾਜਾਂ ਵਿੱਚ ਏਦਾਂ ਦੀ ਸਥਿਤੀ ਇਸ ਤੋਂ ਪਹਿਲੀ ਵੀ ਬਣਦੀ ਵੇਖੀ ਗਈ ਹੈ।

ਮੈਨੂੰ ਚਾਲੀ-ਪੰਜਾਹ ਸਾਲ ਪਹਿਲਾਂ ਦਿੱਲੀ ਦੀਆਂ ਸੜਕਾਂ ਉੱਤੇ ਲਿਖੇ ਹੋਏ ਇਹ ਨਾਅਰੇ ਪੜ੍ਹ ਕੇ ਹੈਰਾਨੀ ਹੁੰਦੀ ਸੀ ਕਿ 'ਭਾਰਤ ਮੇਂ ਯਦੀ ਰਹਿਨਾ ਹੋਗਾ, ਵੰਦੇ-ਮਾਤਰਮ ਕਹਿਨਾ ਹੋਗਾ'। ਓਦੋਂ ਬਹੁਤੀ ਸੂਝ ਤਾਂ ਨਹੀਂ ਸੀ, ਪਰ ਇਹ ਸੋਚਣਾ ਪੈਂਦਾ ਸੀ ਕਿ ਇਸ ਬਹਾਨੇ ਕਿਸੇ ਨੂੰ ਗੁੱਝਾ ਦਬਕਾ ਮਾਰਿਆ ਗਿਆ ਹੈ। ਬਾਅਦ ਦੇ ਸਾਲਾਂ ਵਿੱਚ ਦਬਕਿਆਂ ਦੀ ਇਹ ਲੜੀ ਤੇਜ਼ ਹੁੰਦੀ ਗਈ ਤੇ ਹੌਲੀ-ਹੌਲੀ ਅੱਜ ਉਸ ਮੋੜ ਉੱਤੇ ਆਣ ਪੁੱਜੀ ਹੈ, ਜਿੱਥੇ ਲੋਕਤੰਤਰ ਦਾ 'ਚੰਦਰ-ਯਾਨ' ਤਾਂ ਪੁਲਾੜ ਵਿੱਚ ਚੰਦਰਮਾ ਵੱਲ ਵਧਦਾ ਦਿੱਸਦਾ ਹੈ, ਪਰ ਚੰਦਰ-ਯਾਨ ਵਾਲਾ ਦੇਸ਼ ਦਿਨੋ-ਦਿਨੋ ਬੈਕ ਗੇਅਰ ਵਿੱਚ ਪਈ ਗੱਡੀ ਵਾਂਗ ਉਲਟ ਪਾਸੇ ਰਿੜ੍ਹਦਾ ਜਾਂਦਾ ਮਹਿਸੂਸ ਹੁੰਦਾ ਹੈ। ਜਿਨ੍ਹਾਂ ਲੋਕਾਂ ਨੇ ਇਸ ਦੇਸ਼ ਲਈ ਸਿਰ ਵਾਰੇ ਸਨ ਤੇ ਇਸ ਦੀ ਆਜ਼ਾਦੀ ਦਾ ਸੁਫਨਾ ਸਿਰੇ ਚੜ੍ਹਾਉਣ ਵਾਸਤੇ ਕੁਰਬਾਨ ਹੋ ਗਏ ਸਨ, ਅੱਜ ਵਾਲੇ ਹਾਲਾਤ ਬਾਰੇ ਉਨ੍ਹਾਂ ਵਿੱਚੋਂ ਕਿਸੇ ਨੇ ਕਦੀ ਨਹੀਂ ਸੋਚਿਆ ਹੋਣਾ। ਉਹ ਤਾਂ ਫਾਂਸੀ ਦੇ ਰੱਸੇ ਚੁੰਮਣ ਵੇਲੇ ਵੀ ਸਾਨੂੰ 'ਦੇਸ਼ ਵਾਸੀਓ ਚਮਕਣਾ ਚੰਦ ਵਾਂਗੂੰ' ਦੀ ਲੋਰੀ ਸੁਣਾ ਗਏ ਸਨ, ਅਸੀਂ ਉਸ ਲੋਰੀ ਨਾਲ ਦੇਸ਼ ਨੂੰ ਸੰਭਾਲਣ ਜੋਗੇ ਹੋਣ ਦਾ ਫਰਜ਼ ਨਿਭਾਉਣ ਦੀ ਥਾਂ ਜੋ ਵਾਪਰਦਾ ਹੈ, ਉਸ ਨੂੰ ਵੇਖਣ ਵਾਲੇ ਤਮਾਸ਼ਾਈ ਬਣਦੇ ਜਾਂਦੇ ਹਾਂ। ਸਮਾਜ ਤੇ ਸਿਆਸਤ ਦਾ ਇਹ ਵਹਿਣ ਦੇਸ਼ ਨੂੰ ਆਖਰ ਪੁਚਾਵੇਗਾ ਕਿੱਥੇ!

ਹੁਣ ਜਨਤਾ ਰਾਮ ਭਰੋਸੇ ਨਹੀਂ ਬਲਕਿ ਕਾਨੂੰਨ ਭਰੋਸੇ ਹੋਵੇਗੀ

ਸੁਲਘਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਜੋ ਪ੍ਰਧਾਨ ਮੰਤਰੀ ਦੇ ਚਿਹਰੇ 'ਤੇ ਘਬਰਾਹਟ ਅਤੇ ਉਦਾਸੀ ਅੱਜਕੱਲ੍ਹ ਦਿਖਾਈ ਦੇ ਰਹੀ ਹੈ, ਉਹੋ ਜਿਹੀ ਪਹਿਲਾਂ ਘੱਟ ਹੀ ਦਿਖਾਈ ਦਿੱਤੀ ਸੀ। ਜੋ ਇੰਡੀਆ ਦੀ ਸ਼ਕਲ ਵਿੱਚ ਬਣਿਆ ਵਿਰੋਧੀ ਪਾਰਟੀਆਂ ਦਾ ਗੱਠਜੋੜ ਅੱਜਕੱਲ੍ਹ ਦਿਖਾਈ ਦਿੱਤਾ ਹੈ, ਉਹ ਜੋਸ਼ ਪਹਿਲੇ ਬਣੇ ਗੱਠਜੋੜ ਵਿੱਚ ਘੱਟ ਦਿਖਾਈ ਦਿੰਦਾ ਸੀ। ਜਿਵੇਂ ਪਟਨਾ ਤੋਂ ਬਾਅਦ ਬੇਂਗਲੂਰੂ ਮੀਟਿੰਗ ਵਿੱਚ ਸਭ ਮੁੱਦਿਆਂ 'ਤੇ ਸਭ ਨੇ ਸਹਿਮਤੀ ਦਿਖਾਈ ਹੈ, ਉਹ ਆਪਣੇ ਆਪ 'ਚ ਇੱਕ ਮਹਾਨ ਕਾਰਜ ਹੋ ਨਿੱਬੜਿਆ ਹੈ। ਜਿਸ ਨੇ ਐਨ ਡੀ ਏ ਜਾਣੀ, ਰਾਜ ਕਰਦੀ ਭਾਜਪਾ ਅਤੇ ਬਾਕੀ ਸਹਿਯੋਗੀ ਟੁਕੜੀਆਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਜਿਨ੍ਹਾਂ ਨੇ ਵੱਖ-ਵੱਖ ਹਿੱਸਿਆਂ ਤੋਂ ਆਈ ਐਨ ਡੀ ਆਈ ਨਾਂਅ ਰੱਖਣ 'ਤੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਜਿਵੇਂ ਉਨ੍ਹਾਂ ਨੂੰ ਪਹਿਲਾਂ ਹੀ ਭਿਣਕ ਪੈ ਚੁੱਕੀ ਹੋਵੇ ਕਿ ਆਈ ਐਨ ਡੀ ਆਈ ਏ ਨੂੰ ਹਰਾਉਣਾ ਅਤਿ ਮੁਸ਼ਕਲ ਹੈ। ਪਰ ਇਹ ਵਿਰੋਧ ਕਰਨ ਵਾਲੇ ਸਮੇਂ ਆਪ ਇਹ ਭੁੱਲ ਗਏ ਕਿ ਇਹ ਉਹ ਆਈ ਐਨ ਡੀ ਆਈ ਏ ਹੀ ਹੈ ਜਿਸ ਨੂੰ ਨਿਤ ਪ੍ਰਧਾਨ ਮੰਤਰੀ ਜੀ ਆਪਣੇ ਸੰਬੋਧਨਾਂ ਵਿੱਚ "ਮੇਕ ਇਨ ਇੰਡੀਆ, "ਸਟਾਰਟਅੱਪ ਇੰਡੀਆ", "ਖੇਲੋ ਇੰਡੀਆ" ਆਦਿ ਦੇ ਨਾਅਰੇ ਲਾ ਕੇ ਇਹ ਪ੍ਰਚਾਰਨ ਦੀ ਕੋਸ਼ਿਸ਼ ਕਰਦੇ ਹਨ ਕਿ ਇੰਡੀਆ ਪ੍ਰਤੀ ਅਸੀਂ ਹੀ ਫਿਕਰਮੰਦ ਹਾਂ।

ਭਾਜਪਾ ਪ੍ਰਧਾਨ ਨੱਢਾ ਅਕਸਰ ਆਪਣੀਆਂ ਕਾਨਫ਼ਰੰਸਾਂ ਵਿੱਚ ਕਾਂਗਰਸ ਨੂੰ ਘੱਟ ਗਿਆਨ ਵਾਲੀ ਪਾਰਟੀ ਅਤੇ ਘੱਟ ਅੰਗਰੇਜ਼ੀ ਤੋਂ ਦੂਰ ਰਹਿਣ ਵਾਲੀ ਪਾਰਟੀ ਪ੍ਰਚਾਰਦੇ ਹਨ। ਪਰ ਮਹਾਂਗੱਠਜੋੜ ਦਾ ਕ੍ਰਿਸ਼ਮਾ ਦੇਖੋ ਕਿ ਉਨ੍ਹਾਂ ਗੱਠਜੋੜ ਦੇ ਨਾਮਕਰਨ ਵੇਲੇ ਹੀ ਐਨ ਡੀ ਏ ਵੱਲ ਅਜਿਹਾ ਆਈ ਐਨ ਡੀ ਆਈ ਏ ਰੂਪੀ ਗੋਂਦ ਸੁੱਟਿਆ ਕਿ ਉਨ੍ਹਾਂ ਨੂੰ ਫੌਰਨ ਕੁਝ ਨਹੀਂ ਸੁੱਝ ਰਿਹਾ। ਹੋਰ ਤਾਂ ਹੋਰ ਅੱਜਕੱਲ੍ਹ ਲੰਬੀ ਹੇਕ ਵਿੱਚ ਪ੍ਰਧਾਨ ਮੰਤਰੀ ਆਖ ਰਹੇ ਹਨ ਕਿ ਹਮ ਕਿਸੇ ਵੀ ਭ੍ਰਿਸ਼ਟਾਚਾਰੀ ਕੋ ਛੋੜੇਗੇ ਨਹੀਂ, ਪਰ ਆਖਣ ਸਮੇਂ ਉਹ ਭੁੱਲ ਜਾਂਦੇ ਹਨ ਕੁਝ ਹਫ਼ਤੇ ਪਹਿਲਾਂ ਜੋ ਉਨ੍ਹਾਂ ਬਹੁ-ਕਰੋੜੀ ਭ੍ਰਿਸ਼ਟਾਚਾਰੀਆਂ ਵੱਲ ਇਸ਼ਾਰਾ ਕੀਤਾ ਸੀ ਜਿਹੜੇ ਮਹਾਰਾਸ਼ਟਰ ਨਾਲ ਸੰਬੰਧ ਰੱਖਦੇ ਸਨ। ਅਜੇ ਪ੍ਰਧਾਨ ਮੰਤਰੀ ਜੀ ਦੇ ਬਿਆਨ

ਸਮਕਾਲੀ ਵਰਤਾਰਿਆਂ ਦੇ ਸੰਦਰਭ 'ਚ ਜੁਝਾਰੂ ਨਾਇਕ ਦਾ ਜੀਵਨ ਬਿਰਤਾਂਤ

ਕਿਤਾਬ ਦੀ ਪਰਖ ਪੜਚੋਲ

ਹਰਜਿੰਦਰ ਸਿੰਘ ਅਟਵਾਲ (ਡਾ.)



ਰੋਹੀ ਦਾ ਲਾਲ ਹਰਦੇਵ ਅਰਸ਼ੀ

ਜਸਪਾਲ ਮਾਨਖੇੜਾ

ਪੰਨੇ : 280, ਮੁੱਲ : 500 ਰੁਪਏ

ਯੂਨੀਸਟਾਰ ਬੁਕਸ, ਚੰਡੀਗੜ੍ਹ

ਜਸਪਾਲ ਮਾਨਖੇੜਾ ਇੱਕ ਚੰਗਾ ਗਲਪਕਾਰ ਹੈ, ਜੋ ਅਕਸਰ ਵਾਰਤਕ ਦੀਆਂ ਵਿਭਿੰਨ ਵੰਨਗੀਆਂ ਉੱਪਰ ਵੀ ਬਰਾਬਰ ਦੀ ਕਲਮ ਅਜ਼ਮਾਈ ਕਰਦਾ ਰਹਿੰਦਾ ਹੈ। ਉਸ ਦੇ ਜੀਵਨ ਦਾ ਵੱਡਾ ਹਿੱਸਾ ਲੋਕ ਸੰਘਰਸ਼ਾਂ ਵਿੱਚ ਲੰਘਿਆ ਹੈ। ਭਾਵੇਂ ਉਸ ਦੇ ਸੁਭਾਅ ਅਤੇ ਉਸ ਦੀਆਂ ਸੀਮਾਵਾਂ ਨੇ ਉਸ ਨੂੰ 'ਨੇਤਾ' ਬਣਨ ਦੇ ਰਾਹ ਨਹੀਂ ਤੋਰਿਆ, ਪਰ ਲੋਕ-ਪੱਖੀ ਕਾਰਜਾਂ ਵਿੱਚ ਉਹ ਹਮੇਸ਼ਾ ਖੜਾ ਨਜ਼ਰ ਆਉਂਦਾ ਹੈ। ਉਸ ਦੀ ਇਹ ਪੁਸਤਕ ਸਾਹਿਤ-ਰੂਪ ਦੀ ਕਿਸ ਵਿਧਾ ਵਿੱਚ ਰੱਖੀ ਜਾਵੇ, ਇਸ ਦਾ ਫੈਸਲਾ ਵੀ ਉਹ ਪਾਠਕਾਂ ਉੱਪਰ ਹੀ ਛੱਡ ਦਿੰਦਾ ਹੈ। ਉਂਜ ਉਸ ਨੇ ਜਾਂ ਪ੍ਰਕਾਸ਼ਕ ਨੇ ਇਸ ਪੁਸਤਕ ਨੂੰ ਜੀਵਨੀ/ਇਤਿਹਾਸ/ਸੱਭਿਆਚਾਰ ਅਤੇ ਸਾਹਿਤ ਵਰਗੇ ਨਾਮਕਰਨ (ਅੰਗਰੇਜ਼ੀ) ਦੇਣ ਦਾ ਯਤਨ ਕੀਤਾ ਹੈ। ਸਾਡੇ ਉਹ ਪਾਠਕ ਜੋ ਇੱਕ ਖਾਸ ਸਾਹਿਤ ਰੂਪ ਪੜ੍ਹਨ/ਲਿਖਣ ਦੇ ਆਦੀ ਹੋ ਚੁੱਕੇ ਹਨ, ਉਹ ਇਸ ਪੁਸਤਕ ਨੂੰ ਪੜ੍ਹਦਿਆਂ ਥੋੜ੍ਹਾ ਅਸਹਿਜ ਮਹਿਸੂਸ ਕਰ ਸਕਦੇ ਹਨ, ਕਿਉਂ ਜੋ ਇਹ ਪੁਸਤਕ ਇੱਕ ਹੀ ਸਮੇਂ ਜੀਵਨੀ ਜਾਪੇਗੀ, ਕਦੀ ਸਵੈ-ਜੀਵਨੀ, ਕਦੇ ਇਤਿਹਾਸ, ਕਦੇ ਸੱਭਿਆਚਾਰ (ਖਾਸ ਕਰਕੇ ਰਾਜਨੀਤਕ) ਅਤੇ ਸਾਹਿਤ ਦੇ ਵਿਭਿੰਨ ਰੂਪਾਂ ਦਾ ਪ੍ਰਗਟਾਵਾ ਕਰ ਰਹੀ ਹੋਵੇਗੀ, ਪਰ ਅਜਿਹਾ ਹੁੰਦਿਆਂ ਹੋਇਆਂ ਵੀ ਪਾਠਕ ਅਕੇਵਾਂ ਮਹਿਸੂਸ ਨਹੀਂ ਕਰੇਗਾ, ਸਗੋਂ ਉਹ ਸਾਹਿਤ ਦੀਆਂ ਬਹੁ-ਵਿਧਾਵਾਂ ਦਾ ਸੁਹਜਾਤਮਕ ਆਨੰਦ ਪ੍ਰਾਪਤ ਕਰੇਗਾ ਇਸ ਪੁਸਤਕ ਨੂੰ ਪੜ੍ਹਦਿਆਂ। ਉਂਜ ਹੀ ਹਰ ਪੁਸਤਕ ਜਦੋਂ ਕਿਸੇ ਲੰਮੇ ਕਾਲ ਕ੍ਰਮ ਦਾ ਵੇਰਵਾ ਪੇਸ਼ ਕਰ ਰਹੀ ਹੋਵੇ ਤਾਂ ਉਸ ਕੋਲੋਂ ਇਹ ਆਸ ਕੀਤੀ ਹੀ ਨਹੀਂ ਜਾ ਸਕਦੀ ਕਿ ਉਹ ਪ੍ਰੰਪਰਕ ਰੂਪਾਂ ਦੀਆਂ ਸੀਮਤ ਸੀਮਾਵਾਂ ਵਿੱਚ ਰਹੇ। ਅਜਿਹੀ ਪੁਸਤਕ ਇੱਕ ਹੀ ਸਮੇਂ ਇੱਕ ਤੋਂ ਵਧੇਰੇ ਭੂਮਿਕਾਵਾਂ ਨਿਭਾਅ ਰਹੀ ਹੁੰਦੀ ਹੈ, ਖਾਸ ਕਰਕੇ ਜਦੋਂ ਸਮਾਂ ਅਜਿਹਾ ਹੋਵੇ ਜਿਸ ਵਿੱਚ ਰਾਜਨੀਤਕ/ਸਮਾਜਿਕ/ਸੱਭਿਆਚਾਰਕ ਆਦਿ ਖੇਤਰਾਂ ਵਿੱਚ ਬਹੁਤ ਕੁਝ ਹੋਇਆ/ਵਾਪਰਿਆ ਹੋਵੇ। ਸੋ ਪਾਠਕ ਇਸ ਪੁਸਤਕ ਨੂੰ ਪੜ੍ਹਦਿਆਂ ਬਹੁਤ ਕੁਝ ਦੇ ਸਨਮੁੱਖ ਹੁੰਦਾ ਰਹੇਗਾ। ਇੱਕ ਹੀ ਸਮੇਂ ਉਸ ਨੂੰ ਜੀਵਨੀ ਜਾਪੇਗੀ, ਪਰ ਅਗਲੇ ਹੀ ਪਲ ਇਸ ਦੀ ਜੀਵਨੀ ਦਾ ਸਮਾਜਿਕ/ਰਾਜਨੀਤਕ ਸੰਦਰਭ ਉਸ ਨੂੰ ਹੋਰ ਕਈ ਕੁਝ ਪ੍ਰਦਾਨ ਕਰਦਾ ਹੋਵੇਗਾ, ਜਿਸ ਨਾਲ ਪਾਠਕ ਦੇ ਇਤਿਹਾਸਕ ਗਿਆਨ ਬੋਧ ਵਿੱਚ ਵਾਧਾ ਹੋਵੇਗਾ ਅਤੇ ਨਾਲ ਹੀ ਲੇਖਕ ਵੱਲੋਂ ਜੀਵਨੀ ਵਿੱਚ ਉਸਾਰੇ ਜਾ ਰਹੇ ਕਿਰਦਾਰ ਦਾ ਅਕਸ ਹੋਰ ਗੂੜ੍ਹਾ ਹੁੰਦਾ ਜਾਵੇਗਾ। ਜਸਪਾਲ ਇਹ ਯੁਗਤ ਲੱਗਭੱਗ ਸਮੁੱਚੀ ਪੁਸਤਕ ਵਿੱਚ ਹੀ ਵਰਤਦਾ ਹੈ। ਸੋ ਪਾਠਕ ਇਸ ਤਰ੍ਹਾਂ ਪੁਸਤਕ ਦੇ ਅਗਲੇ ਵੇਰਵਿਆਂ ਦੀ ਉਡੀਕ ਵੀ ਕਰੇਗਾ ਅਤੇ ਜਾਣਕਾਰੀ ਪ੍ਰਾਪਤ ਕਰਕੇ ਭਾਵਨਾਤਮਕ ਸੰਤੁਸ਼ਟੀ ਵੀ ਪ੍ਰਾਪਤ ਕਰਦਾ ਜਾਵੇਗਾ।

ਹਰਦੇਵ ਸਿੰਘ ਅਰਸ਼ੀ, ਕਾਮਰੇਡ ਹਰਦੇਵ ਅਰਸ਼ੀ, ਕਾਮਰੇਡ ਅਰਸ਼ੀ ਪੰਜਾਬ ਦੀ ਰਾਜਨੀਤੀ ਵਿੱਚ ਲੰਮੇ ਸਮੇਂ ਤੋਂ ਹਾਜ਼ਰੀ ਲਵਾਉਂਦਾ ਆ ਰਿਹਾ ਹੈ। ਉਸ ਦਾ ਸੰਬੰਧ ਉਸ ਰਾਜਨੀਤਕ ਪਾਰਟੀ ਨਾਲ ਹੈ, ਜਿਸ ਦੀ ਭਾਵੇਂ ਪੰਜਾਬ ਵਿੱਚ ਕਦੇ ਵੀ ਸਰਕਾਰ ਨਹੀਂ ਬਣੀ। ਭਾਵੇਂ ਬਹੁਤ ਚਿਰ ਪਹਿਲਾਂ ਉਸ ਪਾਰਟੀ ਦੇ ਕੁਝ ਲੋਕ ਸਾਂਝੀਆਂ ਸਰਕਾਰਾਂ ਵਿੱਚ ਵਜ਼ੀਰ ਰਹੇ, ਪਰ ਕਾਮਰੇਡ ਅਰਸ਼ੀ ਦਾ ਉਸ ਪਾਰਟੀ ਦੇ ਕੁਝ ਹੋਰ ਨੇਤਾਵਾਂ ਵਾਂਗ ਲੋਕ ਹਿੱਤਾਂ ਲਈ ਕੀਤੇ ਸੰਘਰਸ਼ ਕਰਕੇ ਇੱਕ ਵਿਸ਼ੇਸ਼ ਦਰਜਾ ਹੈ, ਜਿਸ ਨੂੰ ਲੋਕ ਮਾਨਤਾ ਮਿਲੀ ਹੋਈ ਹੈ। ਖਾਸ ਕਰਕੇ ਉਸ ਦਾ ਦਸ ਸਾਲ ਦਾ ਵਿਧਾਨ ਸਭਾ ਵਿਚਲਾ ਕਾਰਜਕਾਲ ਕਈ ਅਹਿਮ ਕਾਰਨਾਂ ਕਰਕੇ ਯਾਦਗਾਰੀ ਹੋ ਨਿਬੜਿਆ ਹੈ। ਅਜਿਹਾ ਜੁਝਾਰੂ ਨਾਇਕ ਜਦੋਂ ਪਾਠਕਾਂ ਦੇ ਚੇਤਿਆਂ ਵਿੱਚ ਪਹਿਲਾਂ ਤੋਂ ਹੀ ਵਸਿਆ ਹੋਵੇ ਤਾਂ ਜਸਪਾਲ ਦਾ ਕੰਮ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ, ਕਿਉਂ ਜੋ ਉਸ ਦੇ ਸਾਹਮਣੇ ਆਪਣੇ ਨਾਇਕ ਦਾ ਇੱਕ ਖਾਕਾ ਤਿਆਰ ਹੈ, ਜਿਸ ਦੀ ਸੀਮਾ ਵਿੱਚ ਰਹਿ ਕੇ ਹੀ ਉਹ ਉਸ ਦੀ ਉਸਾਰੀ ਕਰ ਸਕੇਗਾ, ਇਸੇ ਕਾਰਨ ਹੀ ਉਹ ਕਦੇ ਗੱਲਬਾਤ ਦੀ ਤੰਦ ਅਰਸ਼ੀ ਦੇ ਹੱਥ ਫੜਾ ਦਿੰਦਾ ਹੈ, ਕਦੇ ਅਰਸ਼ੀ ਦੇ ਕਿਸੇ ਨੇੜਲੇ ਸਾਥੀ ਦੇ ਹੱਥ ਤੇ ਕਦੀ ਆਪ ਉਹਨਾਂ ਤੋਂ ਉਹ ਤੰਦ ਫੜ ਕੇ ਅੱਗੇ ਤੋਰਦਾ ਹੈ। ਇਹ ਵਿਲੱਖਣ ਵਿਧੀ ਨਾਲ ਨਜਿੱਠਣਾ ਮੁਸ਼ਕਲ ਤਾਂ ਹੁੰਦਾ ਹੀ ਹੈ, ਪਰ ਕਾਮਰੇਡ ਜਸਪਾਲ ਇਹਨਾਂ ਮੁਸ਼ਕਲਾਂ ਵਿੱਚੀਂ ਲੰਘਿਆ ਹੈ ਅਤੇ ਜਿਸ ਨਾਇਕ ਦਾ ਬਿਰਤਾਂਤ ਉਸਾਰ ਰਿਹਾ ਹੈ, ਉਹ ਇਹਨਾਂ ਤੋਂ ਵੱਡੀਆਂ ਮੁਸ਼ਕਲਾਂ ਵਿੱਚੀਂ ਲੰਘਣ ਦਾ ਜ਼ਾਮਨ ਹੈ। ਇਸੇ ਯਤਨ ਅਧੀਨ ਹੀ ਜਸਪਾਲ ਆਪਣੇ ਇੱਕ ਬਿਰਤਾਂਤ ਨੂੰ ਅੱਗੇ ਤੋਰਦਾ ਹੈ।

ਕਾਮਰੇਡ ਹਰਦੇਵ ਅਰਸ਼ੀ ਦੇ ਜੱਦੀ ਪਿੰਡ ਦਾਤੇਵਾਸ ਤੋਂ ਗੱਲ ਸ਼ੁਰੂ ਕਰਦਾ ਹੈ। ਸਮੁੱਚੇ ਪਿੰਡ ਦਾ ਇਤਿਹਾਸਕ ਪਿਛੋਕੜ, ਭੂਗੋਲਿਕ ਖੇਤਰ ਅਤੇ ਸਥਿਤੀ, ਲੋਕਾਂ ਦੇ ਆਰਥਿਕ ਵਸੀਲੇ, ਪਿੰਡ ਨੂੰ ਜਾਣ ਦੇ ਰਸਤੇ, ਆਸੇ-ਪਾਸੇ ਦੇ ਸ਼ਹਿਰਾਂ ਆਦਿ ਦੇ ਵੇਰਵੇ ਦੇ ਕੇ ਉਹ ਦੱਸਣ ਦਾ ਯਤਨ ਕਰਦਾ ਹੈ ਕਿ ਅਰਸ਼ੀ ਦਾ ਪਿਛੋਕੜ ਇੱਕ ਪੱਛੜੇ ਹੋਏ ਇਲਾਕੇ ਅਤੇ ਪਿੰਡ ਵਾਲਾ ਸੀ, ਪਰ ਉਹਨਾਂ ਪਿੰਡਾਂ ਵਿੱਚ ਰਾਜਨੀਤਕ ਚੇਤਨਾ ਦੀ ਇੱਕ ਲਹਿਰ ਖੜੀ ਹੋ ਰਹੀ ਸੀ। ਅਜਿਹੇ ਹੀ ਇੱਕ ਮੌਕੇ ਇੱਕ ਕਾਮਰੇਡ ਬੁਲਾਰੇ ਨੂੰ ਪਿੰਡ ਵਾਸੀ ਨੇ ਟੋਕ ਦਿੱਤਾ ਕਿ ਤੁਸੀਂ ਕਾਮਰੇਡ ਡਰਦੇ ਬੋਲਦੇ ਨਹੀਂ ਤਾਂ ਉਸ ਬੁਲਾਰੇ ਦਾ ਤੁਰੰਤ ਅਤੇ ਨਿਧੜਕ ਹੋ ਕੇ ਦਿੱਤਾ ਇਹ ਜਵਾਬ ਅਰਸ਼ੀ ਦੇ ਬਾਲ ਮਨ ਨੂੰ ਪ੍ਰਭਾਵਤ ਕਰਦਾ ਹੈ : 'ਡਰ ਅਤੇ ਕਮਿਊਨਿਸਟ...ਆਪਸ ਵਿੱਚ ਕੋਈ ਸੰਬੰਧ ਨਹੀਂ' (ਪੰਨਾ 46)

ਪੰਜਾਬ ਦੇ ਰਾਜਨੀਤਕ ਦ੍ਰਿਸ਼ ਦੇ ਉਸ ਸਮੇਂ ਪਿੰਡਾਂ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਕਾਨਫਰੰਸ ਕਰਨ ਸਮੇਂ ਡਰਾਮੇ (ਓਪੇਰੇ) ਕੀਤੇ ਜਾਂਦੇ ਸਨ। ਜਿਸ ਵਿੱਚ ਗੀਤਾਂ ਰਾਹੀਂ ਲੋਕਾਂ ਨੂੰ ਇਨਕਲਾਬੀ ਸੁਨੇਹੇ ਦੇਣ ਦਾ ਯਤਨ ਕੀਤਾ ਜਾਂਦਾ ਸੀ। ਅਰਸ਼ੀ ਨੂੰ ਗਾਉਣ ਦਾ ਸ਼ੌਕ ਸੀ, ਉਸ ਦਾ ਇਹ ਸ਼ੌਕ ਹੀ ਉਸ ਨੂੰ ਡਰਾਮਾ ਪਾਰਟੀਆਂ ਰਾਹੀਂ ਕਮਿਊਨਿਸਟ ਪਾਰਟੀ ਨਾਲ ਜੋੜਦਾ ਹੈ ਅਤੇ ਜੋੜਦਾ ਵੀ ਅਜਿਹਾ ਹੈ ਕਿ ਲੱਗਭੱਗ ਹਰ ਡਰਾਮੇ ਤੋਂ ਬਾਅਦ ਘਰਦਿਆਂ ਨੇ ਜਦੋਂ ਲੱਭ ਕੇ ਲਿਆਉਣਾ ਤਾਂ ਛਿੱਤਰ-ਪਰੇਡ ਹੋਣੀ, ਪਰ ਅਰਸ਼ੀ ਦੇ ਹੱਠ ਅੱਗੇ ਇਹ ਸਾਰਾ ਕੁਝ ਫਿੱਕਾ ਰਿਹਾ ਅਤੇ ਉਹ ਨਿਰੰਤਰ ਇੱਕ ਕਮਿਊਨਿਸਟ ਪਾਰਟੀ 'ਚ ਰਹਿ ਕੇ ਲੋਕ-ਸੇਵਾ ਕਰਦਾ ਰਿਹਾ, ਜੋ ਅੱਜ ਤੱਕ ਜਾਰੀ ਹੈ। ਅਰਸ਼ੀ ਅਨੁਸਾਰ 1960 ਤੱਕ ਸੰਸਾਰ ਪੱਧਰ 'ਤੇ ਸਾਮਰਾਜੀ ਧੜੇ ਦੇ ਬਰਾਬਰ ਸਮਾਜਵਾਦੀ ਧੜਾ ਪੱਕੇ ਪੈਰੀਂ ਖੜਾ ਹੋ ਰਿਹਾ ਸੀ ਭਾਰਤ ਅਤੇ ਪੰਜਾਬ ਵਿੱਚ ਵੀ। ਪੰਜਾਬ ਵਿਚਲੇ ਜ਼ਮੀਨੀ ਸੁਧਾਰ ਵਰਗੇ ਘੋਲਾਂ ਨੇ ਕਮਿਊਨਿਸਟ ਪਾਰਟੀ ਨੂੰ ਕਿਸਾਨਾਂ/ਮਜ਼ਦੂਰਾਂ ਵਿੱਚੋਂ ਚੰਗਾ ਭਰਵਾਂ ਸਾਥ ਮਿਲਿਆ, ਪਰ ਅਚਾਨਕ 1962 ਨੂੰ ਚੀਨ ਵੱਲੋਂ ਭਾਰਤ ਉੱਪਰ ਹਮਲਾ ਕਰ ਦਿੱਤਾ, ਉਸ ਸਮੇਂ ਪਾਰਟੀ ਦਾ ਜਨਰਲ ਸਕੱਤਰ ਅਜੈ ਘੋਸ਼ ਸੀ। ਉਸ ਨੇ ਚੀਨ ਵੱਲੋਂ ਮੈਨ ਮੋਹਨ ਰੇਖਾ ਦੀ ਉਲੰਘਣਾ ਕਰਨ ਕਰਕੇ ਚੀਨ ਦੀ ਵਿਸਥਾਰਵਾਦੀ ਨੀਤੀ ਦੀ ਆਲੋਚਨਾ ਕੀਤੀ, ਜਿਸ ਨਾਲ ਪਾਰਟੀ ਭਾਰਤ 'ਚ ਦੋ ਫਾੜ ਹੋ ਜਾਂਦੀ ਹੈ, ਜਿਸ ਦਾ ਪਰਛਾਵਾਂ ਪੰਜਾਬ ਇਕਾਈ 'ਤੇ ਵੀ ਪੈਂਦਾ ਹੈ। ਅਰਸ਼ੀ ਦੱਸਦਾ ਹੈ ਕਿ 1962 ਦੀਆਂ ਆਮ ਚੋਣਾਂ ਵਿੱਚ ਮਹਿਲ ਕਲਾਂ ਤੋਂ ਕਾਮਰੇਡ ਹਰਨੇਕ ਸਿੰਘ ਚਮਕ ਵਿਧਾਇਕ ਬਣਿਆ, ਪਰ ਪਟੀਸ਼ਨ ਕਾਰਨ ਉਸ ਦੀ ਚੋਣ ਰੱਦ ਹੋ ਗਈ। ਉਪ ਚੋਣ ਵਿੱਚ ਉਸ ਨੇ ਚੋਣ ਨਿਸ਼ਾਨ ਦਾਤੀ ਬੱਲੀ ਨਹੀਂ ਲਿਆ, ਸਗੋਂ ਸਾਈਕਲ ਦੇ ਨਿਸ਼ਾਨ 'ਤੇ ਲੜਿਆ। ਭਾਰਤ ਵਿੱਚ ਕਮਿਊਨਿਸਟ ਪਾਰਟੀ ਦੋਫਾੜ ਹੋ ਗਈ, ਕੁਝ ਚੀਨ ਵਿਰੋਧੀ ਅਤੇ ਕੁਝ ਪੱਖੀ, ਪਰ ਅਰਸ਼ੀ ਮੂਲ ਪਾਰਟੀ 'ਚ ਰਹਿ ਕੇ ਕਾਰਜਸ਼ੀਲ ਰਿਹਾ ਅਤੇ ਹੈ। ਸੀ ਪੀ ਐੱਮ ਵੀ ਅੱਗੇ ਜਾ ਕੇ ਦੋਫਾੜ ਹੁੰਦੀ ਹੈ, ਖਾਸ ਕਰਕੇ ਪੰਜਾਬ ਇਕਾਈ ਜਦੋਂ ਮੌਕਾ ਅਜਿਹਾ ਬਣਿਆ ਕਿ ਕਾਮਰੇਡ ਜਿਓਤੀ ਬਾਸੂ ਨੂੰ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਮਿਲਦਾ ਸੀ, ਪਰ ਪਾਰਟੀ ਦੇ ਕੁਝ ਮੈਂਬਰਾਂ ਕਰਕੇ ਇਹ ਸੰਭਵ ਨਾ ਹੋ ਸਕਿਆ, ਜਿਸ ਕਰਕੇ ਸਮਕਾਲੀ ਸੂਬਾ ਸਕੱਤਰ ਨੂੰ ਲਾਂਭੇ ਕਰ ਦਿੱਤਾ ਤੇ ਪੰਜਾਬ ਵਿੱਚ ਉਸ ਦਾ ਅਲੱਗ ਧੜਾ ਬਣ ਗਿਆ। ਇਸ ਸਾਰੇ ਕੁਝ ਦਾ ਲੋਕ ਘੋਲਾਂ ਨੂੰ ਨੁਕਸਾਨ ਇਹ ਹੋਇਆ ਕਿ ਜਿਨ੍ਹਾਂ ਲੋਕਾਂ ਨੇ (ਜੋ ਵੱਖ-ਵੱਖ ਧੜਿਆਂ ਵਿੱਚ ਵੰਡੇ ਗਏ) ਸਰਕਾਰ ਨੂੰ ਲੋਕ ਪੱਖੀ ਕੰਮ ਕਰਨ ਲਈ ਇੱਕ ਦਬਾਅ ਸਮੂਹ ਬਣਨਾ ਸੀ ਅਤੇ ਲੋਕ ਚੇਤਨਾ ਨੂੰ ਤਿੱਖਿਆਂ ਕਰਨਾ ਸੀ, ਉਹ ਇਹਨਾਂ ਕੰਮਾਂ ਵੱਲੋਂ ਹਟ ਕੇ ਆਪਸੀ ਮੱਦਭੇਦਾਂ ਵਿੱਚ ਹੀ ਉਲਝਦੇ ਗਏ, ਕਮਿਊਨਿਸਟਾਂ ਦੇ ਵੱਖ-ਵੱਖ ਧੜਿਆਂ ਦੀ ਆਪਸੀ ਖਹਿਬਾਜ਼ੀ/ਈਰਖਾ ਲੰਮਾ ਸਮਾਂ ਬਣੀ ਰਹੀ। ਭਾਵੇਂ ਹੁਣ ਜ਼ਮੀਨੀ ਹਕੀਕਤਾਂ ਨੂੰ ਸਮਝਦਿਆਂ ਹੋਇਆਂ ਕਦੇ-ਕਦੇ ਇਹ ਖੱਬੀਆਂ ਧਿਰਾਂ ਦੀ ਏਕਤਾ ਦੀ ਗੱਲ ਕਰਦੀਆਂ ਹਨ, ਪਰ ਅਮਲੀ ਰੂਪ ਵਿੱਚ ਗੱਲ ਕਿਸੇ ਤਣ ਪੱਤਣ ਨਹੀਂ ਲੱਗਦੀ। ਇਸ ਸਾਰੇ ਕੁਝ ਦਾ ਮਲਾਲ ਕਾਮਰੇਡ ਅਰਸ਼ੀ ਨੂੰ ਹੈ, ਜੋ ਉਸ ਦੀ ਗੱਲਬਾਤ ਵਿੱਚੋਂ ਝਲਕਦਾ ਹੈ।

ਕਾਮਰੇਡ ਅਰਸ਼ੀ ਦੇ ਜੀਵਨ ਨਾਲ ਜੁੜੀਆਂ ਦੋ ਘਟਨਾਵਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ, ਜਿਸ ਨਾਲ ਉਸ ਦੇ ਸੁਭਾਅ ਦਾ ਉਹ ਪੱਖ ਉੱਘੜਦਾ ਹੈ ਕਿ ਉਹ ਆਪਣੇ ਹਾਲਾਤ ਵਿੱਚੋਂ ਆਪਣਾ ਸੁਭਾਅ ਵਿਕਸਿਤ ਕਰਦਾ ਹੈ। ਅਰਸ਼ੀ ਅਨੁਸਾਰ ਉਹ ਅੱਜ ਤੱਕ ਵੀ ਕੇਵਲ ਦਾਲ/ਸਬਜ਼ੀ ਵਿੱਚੋਂ ਇੱਕ ਨਾਲ ਹੀ ਰੋਟੀ ਖਾਂਦਾ ਹੈ। ਆਮ ਪਾਠਕ ਇਸ ਨੂੰ ਕਾਮਰੇਡ ਦਾ ਸੰਜਮੀ ਸੁਭਾਅ ਮੰਨ ਸਕਦਾ ਹੈ, ਪਰ ਉਹ ਇੱਕ ਕਹਾਣੀ ਸੁਣਾ ਕੇ ਇਸ ਨੂੰ ਸਪੱਸ਼ਟ ਕਰਦਾ ਹੈ। ਕਾਮਰੇਡ ਬੂਟਾ ਸਿੰਘ ਅਰਸ਼ੀ ਨੂੰ ਇੱਕ ਰੁਪਿਆ ਦੇ ਕੇ ਕਹਿੰਦੇ ਹਨ ਕਿ ਖਰਚਣੀ ਸਿਰਫ ਚੁਆਨੀ ਹੀ ਹੈ। ਢਾਬੇ ਵਾਲਾ ਅਰਸ਼ੀ ਨੂੰ ਇਹ ਕਹਿ ਕੇ ਹੈਰਾਨ ਕਰ ਦਿੰਦਾ ਹੈ ਕਿ ਦੋ ਰੋਟੀਆਂ ਨਾਲ ਦਾਲ/ਸਬਜ਼ੀ ਵਿੱਚੋਂ ਕੇਵਲ ਇੱਕ ਹੀ ਮਿਲੇਗੀ, ਜੋ ਚਾਰ ਰੋਟੀਆਂ ਨਾਲ ਦੋਵੇਂ ਮਿਲਦੀਆਂ ਹਨ। ਅਰਸ਼ੀ ਅਨੁਸ਼ਾਸਨ 'ਚ ਰਹਿ ਕੇ 'ਚੁਆਨੀ' ਹੀ ਖਰਚਦਾ ਹੈ। ਅੱਧਾ ਭੁੱਖਾ ਰਹਿ ਕੇ ਜ਼ਾਬਤੇ ਦੀ ਉਲੰਘਣਾ ਨਹੀਂ ਕਰਦਾ, ਇਹੋ ਉਸ ਦੇ ਸੁਭਾਅ ਦਾ ਅੰਗ ਅੱਜ ਤੱਕ ਬਣਿਆ ਰਿਹਾ। ਦੂਜੀ ਘਟਨਾ ਵਿੱਚ ਅਰਸ਼ੀ ਪਾਰਟੀ ਦਾ ਬੁਲਾਰਾ ਅਖਬਾਰ 'ਨਵਾਂ ਜ਼ਮਾਨਾ' ਵੇਚਦਾ ਹੁੰਦਾ ਸੀ। ਇੱਕ ਦਿਨ ਨਿਰੰਜਨ ਸਿੰਘ ਜੋਸ਼ੀ ਦੇ ਕਹਿਣ 'ਤੇ ਸੀ ਪੀ ਐੱਮ ਦਾ ਬੁਲਾਰਾ ਅਖਬਾਰ 'ਲੋਕ-ਲਹਿਰ' ਵੀ ਵੇਚਣੀ ਸ਼ੁਰੂ ਕਰ ਦਿੱਤੀ, ਜਦੋਂ ਜਗੀਰ ਸਿੰਘ ਜੋਗਾ ਨੂੰ ਪਤਾ ਲੱਗਾ ਤਾਂ ਝਾੜ-ਝੰਬ ਹੋਈ। ਅਰਸ਼ੀ ਦੀ ਸਾਫਗੋਈ ਉਸ ਦੀ ਪਛਾਣ ਰਹੀ। ਕਮਿਊਨਿਸਟਾਂ ਦੀਆਂ ਦੋਨਾਂ ਪਾਰਟੀਆਂ ਦੀ ਮੰਜ਼ਲ ਲੱਗਭੱਗ ਇੱਕ ਹੀ ਰਹੀ, ਪਰ ਰਸਤੇ ਵੱਖ-ਵੱਖ ਹੋ ਗਏ, ਜਿਸ ਦਾ ਲੋਕਾਂ ਨੂੰ ਵੀ ਤੇ ਪਾਰਟੀਆਂ ਨੂੰ ਵੀ ਬਹੁਤ ਨੁਕਸਾਨ ਹੋਇਆ।

ਪਾਰਟੀ ਵਿੱਚ ਅਰਸ਼ੀ ਨੇ ਸ਼ੁਰੂਆਤ ਗਾਉਣ ਨਾਲ ਕੀਤੀ ਸੀ। ਤਖੱਲਸ ਕਦੇ ਕਮਲਾ, ਕਦੇ ਕਮਲਾ ਜੱਟ, ਫਿਰ ਮਾਸਟਰ ਲਾਲ ਸਿੰਘ ਦੇ ਕਹਿਣ ਤੇ 'ਅਰਸ਼ੀ' ਰੱਖ ਲਿਆ। ਮਾਸਟਰ ਲਾਲ ਸਿੰਘ ਨੂੰ ਲੱਗਦਾ ਸੀ ਕਿ ਇਹ ਮੁੰਡਾ ਅਰਸ਼ੀ ਉਡਾਰੀਆਂ ਦੀ ਖਾਹਿਸ਼ ਰੱਖਦਾ ਹੈ। ਜਿਨ੍ਹਾਂ ਓਪੇਰਿਆਂ ਵਿੱਚ ਅਰਸ਼ੀ ਹਿੱਸਾ ਲੈਂਦਾ ਸੀ, ਉਹਨਾ ਵਿੱਚੋਂ 'ਭਵਿੱਖ ਦਾ ਆਗੂ' ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਾ ਹੋਇਆ ਕਹਿੰਦਾ ਹੈ ਕਿ ਉਹ ਏਡਾ ਪ੍ਰਭਾਵਸ਼ਾਲੀ ਅਤੇ ਲੋਕਾਂ ਦੇ ਨੇੜੇ ਸੀ ਕਿ ਬਹੁਤੀ ਵਾਰੀ ਮਾਸਟਰ ਹਰੀ ਸਿੰਘ ਕਹਿ ਦਿੰਦੇ ਕਿ ਜੇ ਉਹ ਓਪੇਰਾ ਖੇਡ ਰਹੇ ਹੋ ਤਾਂ ਮੇਰੇ ਭਾਸ਼ਨ ਦੀ ਲੋੜ ਨਹੀਂ। ਇਹ ਡਰਾਮਾ ਹੀ ਮੇਰੇ ਨਾਲੋਂ ਸੌਖੀ ਤਰ੍ਹਾਂ ਲੋਕਾਂ ਨੂੰ ਸਾਰੀ ਗੱਲ ਸਮਝਾ ਦੇਵੇਗਾ। ਅਰਸ਼ੀ ਉਸ ਓਪੇਰੇ ਵਿਚਲੀ ਕਵਿਤਾ ਸੁਣਾ ਕੇ ਜੋ ਪੈਸੇ ਇਕੱਠੇ ਕਰਦਾ, ਉਹ ਪਾਰਟੀ ਫੰਡ ਵਿੱਚ ਹੀ ਜਾਂਦੇ, ਕਿਸੇ ਦੀ ਜੇਬ 'ਚ ਨਹੀਂ। ਅਜਿਹਾ ਜ਼ਾਬਤਾ ਅਰਸ਼ੀ ਦੇ ਸੁਭਾਅ ਦਾ ਹਿੱਸਾ ਬਣਿਆ।

ਪੰਜਾਬ ਵਿੱਚ ਦੋਨੋਂ ਕਮਿਊਨਿਸਟ ਪਾਰਟੀਆਂ ਕੇਂਦਰੀ ਪਾਰਟੀ ਦੀ ਤਰਜ਼ 'ਤੇ ਬਹੁਤ ਘੱਟ ਇਕੱਲੀਆਂ ਚੋਣ ਮੈਦਾਨ ਵਿੱਚ ਉਤਰਦੀਆਂ ਹਨ, ਪੰਜਾਬ 'ਚ ਕਦੇ ਕਾਂਗਰਸ ਅਤੇ ਅਕਾਲੀਆਂ ਨਾਲ ਇਹਨਾਂ ਦੋਨਾਂ ਦੀ ਸਮੇਂ-ਸਮੇਂ ਸਿਰ ਸਾਂਝ-ਭਿਆਲੀ ਰਹੀ ਹੈ। ਕਾਂਗਰਸ ਨੇ ਦੇਸ਼ ਦੀ ਆਜ਼ਾਦੀ ਉਪਰੰਤ ਕੇਂਦਰ ਅਤੇ ਸਾਰੇ ਸੂਬਿਆਂ 'ਤੇ 1969 ਤੱਕ ਰਾਜ ਕੀਤਾ, ਭਾਵੇਂ 1957 ਵਿੱਚ ਕੇਰਲ ਵਿੱਚ ਈ ਐੱਮ ਐੱ

23-July-Sunday.qxd 7/22/2023 9:00 PM Page 6

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਫੈਸਲੇ ਦਾ ਸਵਾਗਤ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 21 ਜੁਲਾਈ 2023 ਨੂੰ ਜਾਰੀ ਪੱਤਰ ਵਿੱਚ 7 ਜੁਲਾਈ 2023 ਨੂੰ ਅਕਾਦਮਿਕ ਕੌਂਸਲ ਦੇ ਮੈਂਬਰਾਂ ਅਤੇ ਵਿਸ਼ੇਸ਼ ਸੱਦੇ 'ਤੇ ਆਏ ਮੈਂਬਰਾਂ ਦੀ ਮੀਟਿੰਗ ਵਿਚਲੇ ਫੈਸਲਿਆਂ ਨੂੰ ਜਾਰੀ ਕੀਤਾ ਗਿਆ ਹੈ। ਜਿਸ ਅਨੁਸਾਰ ਹੁਣ ਬੀ ਏ, ਬੀ ਐਸ ਈ, ਬੀ ਕਾਮ, ਬੀ ਸੀ ਏ ਅਤੇ ਬੀ ਬੀ ਏ ਵਿੱਚ ਪੂਰੇ ਤਿੰਨ ਸਾਲ (ਛੇ ਸਮੈਸਟਰ) ਲਾਜ਼ਮੀ ਪੰਜਾਬੀ ਦਾ ਵਿਸ਼ਾ ਪੜ੍ਹਾਇਆ ਜਾਵੇਗਾ। ਪੰਜ ਸਾਲਾ ਲਾਅ ਕੋਰਸ ਵਿੱਚ ਪਹਿਲੇ ਤਿੰਨ ਸਾਲ (ਛੇ ਸਮੈਸਟਰ) ਲਾਜ਼ਮੀ ਪੰਜਾਬੀ ਵਜੋਂ ਪੜ੍ਹਾਈ ਜਾਵੇਗੀ। ਇਸੇ ਤਰ੍ਹਾਂ ਬੀ ਟੈਕ, ਬੀ ਫਾਰਮੈਸੀ, ਪੋਸਟ ਗ੍ਰੈਜੂਏਸ਼ਨ ਆਦਿ ਕੋਰਸਾਂ ਵਿੱਚ ਪੰਜਾਬੀ ਨੂੰ ਪਹਿਲਾਂ ਨਾਲੋਂ ਵੱਧ ਮਹੱਤਵ ਦਿੱਤਾ ਜਾਵੇਗਾ। ਅਦਾਰਾ ਨਵਾਂ ਜ਼ਮਾਨਾ (ਐਤਵਾਰਤਾ) ਯੂਨੀਵਰਸਿਟੀ ਵੱਲੋਂ ਲਏ ਗਏ ਇਨ੍ਹਾਂ ਫੈਸਲਿਆਂ ਦਾ ਭਰਪੂਰ ਸਵਾਗਤ ਕਰਦਾ ਹੈ ਅਤੇ ਉਮੀਦ ਕਰਦਾ ਹੈ ਕਿ ਭਵਿੱਖ ਵਿੱਚ ਵੀ ਮਾਤ ਭਾਸ਼ਾ ਦੇ ਮਹੱਤਵ ਅਤੇ ਜ਼ਰੂਰਤ ਨੂੰ ਸਮਝਦੇ ਹੋਏ ਅਜਿਹੇ ਉਸਾਰੂ ਫੈਸਲੇ ਯੂਨੀਵਰਸਿਟੀ ਵੱਲੋਂ ਲਏ ਜਾਣਗੇ।

- ਸੰਪਾਦਕ

ਦੀਪਕ ਚਨਾਰਥਲ ਨਾਲ ਸੰਵਾਦ

ਸਰੀ-ਵੈਨਕੂਵਰ ਵਿਚਾਰ ਮੰਚ ਵੱਲੋਂ ਪੰਜਾਬ ਤੋਂ ਆਏ ਦੀਪਕ ਸ਼ਰਮਾ ਚਨਾਰਥਲ ਨਾਲ ਵਿਸ਼ੇਸ਼ ਸੰਵਾਦ ਰਚਾਇਆ ਗਿਆ। ਇਸ ਪ੍ਰੋਗਰਾਮ ਵਿਚ ਦੀਪਕ ਚਨਾਰਥਲ ਨੇ ਕਿਸਾਨ ਅੰਦੋਲਨ ਦੀਆਂ ਕਈ ਲੁਕਵੀਆਂ ਪਰਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਜਰਨੈਲ ਸਿੰਘ ਆਰਟਿਸਟ ਨੇ ਦੀਪਕ ਚਨਾਰਥਲ ਅਤੇ ਹਾਜ਼ਰ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ ਅਤੇ ਮੰਚ ਦੀ ਸਥਾਪਨਾ, ਉਦੇਸ਼ ਅਤੇ ਗਤੀਵਿਧੀਆਂ ਬਾਰੇ ਜਾਣੂੰ ਕਰਵਾਇਆ। ਮੰਚ ਦੇ ਸਕੱਤਰ ਮੋਹਨ ਗਿੱਲ ਅਤੇ ਡਾ. ਗੁਰਮਿੰਦਰ ਸਿੱਧੂ ਨੇ ਦੀਪਕ ਚਨਾਰਥਲ ਦੀ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਉਹ ਉਂਗਲਾਂ 'ਤੇ ਗਿਣੇ ਜਾਣ ਵਾਲੇ ਉਨ੍ਹਾਂ ਪੱਤਰਕਾਰਾਂ ਵਿੱਚੋਂ ਹਨ, ਜੋ ਲੋਕਪੱਖੀ ਪੱਤਰਕਾਰੀ ਨੂੰ ਸਮਰਪਿਤ ਹਨ। ਉਨ੍ਹਾਂ ਦੀ ਕਿਸਾਨ ਅੰਦੋਲਨ ਦੌਰਾਨ ਕੀਤੀ ਕਵਰੇਜ ਇਸ ਗੱਲ ਦਾ ਸਬੂਤ ਹੈ ਕਿ ਉਹ ਇਕ ਨਿੱਡਰ ਅਤੇ ਲੋਕਾਈ ਪ੍ਰਤੀ ਚਿੰਤਤ ਪੱਤਰਕਾਰ ਅਤੇ ਲੇਖਕ ਹਨ।

ਦੀਪਕ ਚਨਾਰਥਲ ਨੇ ਗੱਲਬਾਤ ਦੌਰਾਨ ਕਿਹਾ ਕਿ ਪੰਜਾਬ ਇਸ ਵੇਲੇ ਬੁਰੀ ਤਰ੍ਹਾਂ ਰਾਜਸੀ ਪਾਰਟੀਆਂ ਵਿਚ ਵੰਡਿਆ ਹੋਇਆ ਹੈ ਅਤੇ ਪੰਜਾਬ ਪ੍ਰਤੀ ਚਿੰਤਤ ਲੋਕਾਂ ਵਿਚ ਵੀ ਅਜੇ ਤੱਕ ਇਕਮੁੱਠਤਾ ਦਿਖਾਈ ਨਹੀਂ ਦੇ ਰਹੀ। ਉਨ੍ਹਾ ਇਹ ਵੀ ਕਿਹਾ ਕਿ ਫੇਰ ਵੀ ਸਾਨੂੰ ਆਸਵੰਦ ਰਹਿਣਾ ਚਾਹੀਦਾ ਹੈ ਅਤੇ ਇਤਿਹਾਸ ਗਵਾਹ ਹੈ ਕਿ ਪੰਜਾਬ ਨੇ 1947 ਦਾ ਸੰਤਾਪ ਹੰਢਾਇਆ ਹੈ, 1984 ਦਾ ਕਾਲਾ ਦੌਰ ਝੱਲਿਆ ਹੈ, ਪਰ ਪੰਜਾਬੀ ਭਾਈਚਾਰੇ ਵਿਚ ਤਰੇੜ ਨਹੀਂ ਪੈਣ ਦਿੱਤੀ। ਉਨ੍ਹਾ ਕਿਹਾ ਕਿ ਇਸ ਵੇਲੇ ਪੰਜਾਬ ਲਈ ਸਭ ਤੋਂ ਗੰਭੀਰ ਅਤੇ ਚਿੰਤਾ ਦਾ ਵਿਸ਼ਾ ਇਹ ਹੈ ਕਿ ਪੰਜਾਬੀਆਂ ਦਾ ਡੀ.ਐੱਨ.ਏ. ਬਦਲਣ ਦੀਆਂ ਕੋਝੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ ਅਤੇ ਇਨ੍ਹਾਂ ਬਾਰੇ ਪੰਜਾਬੀਆਂ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੈ। ਦੀਪਕ ਚਨਾਰਥਲ ਨੇ ਕਿਸਾਨ ਅੰਦੋਲਨ ਦੀ ਆਪਣੇ ਪਿੰਡੇ 'ਤੇ ਹੰਢਾਈ ਦਾਸਤਾਨ, ਕੌੜੇ-ਮਿੱਠੇ ਅਨੁਭਵ ਅਤੇ ਕੁਝ ਛੁਪੀਆਂ ਗੱਲਾਂ ਵੀ ਸਾਂਝੀਆਂ ਕੀਤੀਆਂ। ਉਨ੍ਹਾ ਕਿਹਾ ਕਿ ਕਿਸਾਨ ਅੰਦੋਲਨ ਦੀ ਵਿਸ਼ੇਸ਼ ਪ੍ਰਾਪਤੀ ਇਹ ਰਹੀ ਹੈ ਕਿ ਇਸ ਨੇ ਪੰਜਾਬ, ਹਰਿਆਣਾ ਅਤੇ ਯੂ.ਪੀ. ਦੇ ਲੋਕਾਂ ਵਿਚਲੀ ਕੁੜੱਤਣ ਘਟਾਈ ਹੈ ਅਤੇ ਇਸ ਦੇ ਪ੍ਰਭਾਵ ਕਾਰਨ ਹੀ ਪੰਜਾਬ ਦੇ ਲੋਕ ਬਹੁਤ ਸਾਰੇ ਛੋਟੇ-ਛੋਟੇ ਪਰਵਾਰਕ ਝਗੜੇ ਆਪਸ ਵਿਚ ਬੈਠ ਕੇ ਨਿਪਟਾਉਣ ਲੱਗ ਪਏ ਹਨ।

—ਹਰਦਮ ਮਾਨ

ਗੁਰਦਿਆਲ ਰੌਸ਼ਨ ਨਾਲ ਮੁਲਾਕਾਤ

ਲੰਡਨ : ਲੰਡਨ ਦੇ ਇੱਕ ਬਹੁਤ ਹੀ ਖੂਬਸੂਰਤ ਇਲਾਕੇ ਹੌਰਨਚਰਚ ਵਿੱਚ ਗੁਰਚਰਨ ਸੱਗੂ ਤੇ ਰਾਣੀ ਸੱਗੂ ਦੇ ਵਿਹੜੇ ਗੁਰਦਿਆਲ ਰੌਸ਼ਨ ਜੀ ਨੂੰ ਲੰਡਨ ਦੇ ਕਵਿੱਤਰੀਆਂ, ਕਵੀਆਂ ਤੇ ਸੰਗੀਤਕਾਰਾਂ ਦੀ ਮਹਿਫਲ ਵਿੱਚ ਸਨਮਾਨਿਤ ਕੀਤਾ ਗਿਆ। ਗੁਰਦਿਆਲ ਰੌਸ਼ਨ ਨੇ ਗਜ਼ਲ ਦੀ ਖੂਬਸੂਰਤੀ ਬਾਰੇ ਪੁੱਛੇ ਗਏ ਅਨੇਕਾਂ ਸਵਾਲਾਂ ਦੀ ਬਹੁਤ ਹੀ ਸਾਦਾ, ਪਰ ਪ੍ਰਭਾਵਿਤ ਤਰੀਕੇ ਨਾਲ ਵਿਆਖਿਆ ਕੀਤੀ। ਗੁਰਦਿਆਲ ਰੌਸ਼ਨ ਨੇ ਨਵੀਂ ਪੀੜ੍ਹੀ ਦੇ ਪੁੱਛੇ ਗਏ ਸਵਾਲਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਤੁਸੀਂ ਗਜ਼ਲ ਦੇ ਮੀਟਰ ਤੋਂ ਬਿਲਕੁਲ ਨਾ ਘਬਰਾਓ, ਜੇ ਤੁਸੀਂ ਗੁਣਗੁਣਾ ਕੇ ਕੋਈ ਸ਼ੇਅਰ ਲਿਖੋ ਤਾਂ ਗਜ਼ਲ ਦੀ ਖੂਬਸੂਰਤੀ ਆਪਣੇ-ਆਪ ਬਣ ਜਾਏਗੀ, ਹਾਂ, ਗਜ਼ਲ ਦੀ ਵਿਧਾ ਦੀ ਥੋੜ੍ਹੀ-ਬਹੁਤ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ। ਇਸ ਮੌਕੇ ਗੁਰਚਰਨ ਸੱਗੂ ਵੱਲੋਂ ਗੁਰਦਿਆਲ ਰੌਸ਼ਨ ਨੂੰ ਫੁੱਲਾਂ ਦਾ ਗੁਲਦਸਤਾ ਤੇ ਫੁਲਕਾਰੀ ਦਾ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੰਤ ਆਏ ਮਹਿਮਾਨਾਂ ਵੱਲੋਂ ਕਵਿਤਾ ਪਾਠ ਤੇ ਗੀਤ-ਸੰਗੀਤ ਪੇਸ਼ ਕੀਤਾ ਗਿਆ, ਜਿਸ ਵਿੱਚ ਕੁਲਵੰਤ ਢਿੱਲੋਂ, ਪ੍ਰਕਾਸ਼ ਸੋਹਲ, ਰੂਪ ਦਵਿੰਦਰ, ਮਨਜੀਤ ਪੱਡਾ, ਅਜ਼ੀਮ ਸ਼ੇਖਰ, ਦਰਸ਼ਨ ਬੁਲੰਦਵੀ ਸ਼ਾਮਲ ਸਨ।

—ਗੁਰਚਰਨ ਸੱਗੂ

ਹੀਰਾ ਸਿੰਘ ਤੂਤ ਨਾਲ ਮਿਲਣੀ

ਮਾਹਿਲਪੁਰ-ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ ਵੱਲੋਂ ਬਾਲ ਸਾਹਿਤ ਲੇਖਕ ਹੀਰਾ ਸਿੰਘ ਤੂਤ ਫਿਰੋਜ਼ਪੁਰ ਨਾਲ ਇਕ ਸਾਹਿਤਕ ਮਿਲਣੀ ਦਾ ਪ੍ਰਬੰਧ ਕਰੂੰਬਲਾਂ ਭਵਨ ਮਾਹਿਲਪੁਰ ਵਿੱਚ ਕੀਤਾ ਗਿਆ। ਇਸ ਮੌਕੇ ਉਹਨਾਂ ਦਾ ਸਵਾਗਤ ਕਰਦਿਆਂ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਕਿਹਾ ਕਿ ਹੀਰਾ ਸਿੰਘ ਤੂਤ ਦੇ ਬਜ਼ੁਰਗ ਪਿੰਡ ਬੰਬੇਲੀ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਰੁਜ਼ਗਾਰ ਦੀ ਭਾਲ ਵਿੱਚ ਫਿਰੋਜ਼ਪੁਰ ਇਲਾਕੇ ਵਿੱਚ ਗਏ। ਉਨ੍ਹਾਂ ਦੇ ਪਰਵਾਰ ਦਾ ਲਗਾਓ ਅੱਜ ਵੀ ਪਹਿਲਾਂ ਵਾਂਗ ਇਸ ਇਲਾਕੇ ਨਾਲ ਕਾਇਮ ਹੈ। ਹੀਰਾ ਸਿੰਘ ਨੇ ਸਾਹਿਤ ਜਗਤ ਵਿੱਚ ਅੱਧੀ ਦਰਜਨ ਪੁਸਤਕਾਂ ਦਾ ਯੋਗਦਾਨ ਪਾਇਆ ਹੈ। ਖਾਸ ਕਰ ਬਾਲ ਸਾਹਿਤ ਦੇ ਖੇਤਰ ਵਿੱਚ ਉਹਨਾਂ ਇੱਕ ਵੱਖਰਾ ਮੁਕਾਮ ਸਿਰਜਿਆ ਹੈ। ਅਧਿਆਪਨ ਦੇ ਨਾਲ-ਨਾਲ ਉਹ ਸਾਹਿਤਕ ਖੇਤਰ ਵਿੱਚ ਵੀ ਸਰਗਰਮ ਭੂਮਿਕਾ ਅਦਾ ਕਰ ਰਹੇ ਹਨ। ਹੀਰਾ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਰਾਹੀਂ ਲੇਖਕਾਂ ਨੂੰ ਅੱਗੇ ਵਧਣ ਦਾ ਮੌਕਾ ਮਿਲ ਰਿਹਾ ਹੈ। ਉਹ ਆਪਣੀ ਰਚਨਾ ਬਾਲ ਮਾਨਸਿਕਤਾ ਅਨੁਸਾਰ ਕਰਦੇ ਹਨ। ਉਹਨਾਂ ਆਪਣੀਆਂ ਰਚਨਾਵਾਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ ਉਹਨਾਂ ਦਰਸ਼ਕਾਂ ਦੇ ਸਵਾਲਾਂ ਦੇ ਜਵਾਬ ਵੀ ਬੜੇ ਰੋਚਕ ਢੰਗ ਨਾਲ ਦਿੱਤੇ। ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਉਨ੍ਹਾਂ ਨੂੰ ਪੁਸਤਕਾਂ ਦਾ ਸੈੱਟ ਭੇਟ ਕਰਕੇ ਮਾਣ-ਸਨਮਾਨ ਕੀਤਾ ਗਿਆ। ਇਸ ਮੌਕੇ ਬੱਗਾ ਸਿੰਘ ਆਰਟਿਸਟ ਅਤੇ ਸੁਖਮਨ ਸਿੰਘ ਨੇ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਦੀ ਚਰਚਾ ਕੀਤੀ। ਮਿਲਣੀ ਵਿੱਚ ਪ੍ਰਿੰਸੀਪਲ ਮਨਜੀਤ ਕੌਰ, ਹਰਮਨਪ੍ਰੀਤ, ਹਰਵੀਰ ਮਾਨ, ਪਵਨ ਸਕਰੂਲੀ, ਸੰਨੀ ਹੀਰ ਲੰਗਰੀ, ਨਿਧੀ ਅਮਨ ਸਹੋਤਾ ਸਮੇਤ ਸਾਹਿਤ ਪ੍ਰੇਮੀ ਹਾਜ਼ਰ ਸਨ। ਸਭ ਦਾ ਧੰਨਵਾਦ ਕੁਲਦੀਪ ਕੌਰ ਬੈਂਸ ਨੇ ਕੀਤਾ।

ਡਾ. ਪਰਮਜੀਤ ਸਿੱਧੂ ਦਾ ਸਦੀਵੀ ਵਿਛੋੜਾ

ਚੰਡੀਗੜ੍ਹ-ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ ਉੱਘੇ ਭਾਸ਼ਾ-ਵਿਗਿਆਨੀ ਡਾ. ਪਰਮਜੀਤ ਸਿੱਧੂ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਸੀਨੀਅਰ ਮੀਤ ਪ੍ਰਧਾਨ ਜੋਗਾ ਸਿੰਘ ਵਿਰਕ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ ਨੇ ਅੱਜ ਪ੍ਰੈੱਸ ਨੂੰ ਜਾਰੀ ਕੀਤੇ ਆਪਣੇ ਲਿਖਤੀ ਬਿਆਨ ਵਿੱਚ ਕਿਹਾ ਹੈ ਕਿ ਡਾ. ਪਰਮਜੀਤ ਸਿੱਧੂ ਦੇ ਜਾਣ ਨਾਲ ਪੰਜਾਬੀ ਭਾਸ਼ਾ ਦੇ ਅਧਿਐਨਾਂ ਤੇ ਅਧਿਆਪਨ ਨੂੰ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਪਿਆ ਹੈ। ਉਹਨਾ ਕਿਹਾ ਕਿ ਡਾ. ਸਿੱਧੂ ਅਜੋਕੇ ਭਾਸ਼ਾ-ਵਿਗਿਆਨ ਦੇ ਸਟੀਕ ਵਿਦਵਾਨ ਸਨ ਤੇ ਉਹਨਾਂ ਨੇ ਅਧਿਆਪਨ ਅਤੇ ਆਪਣੀਆਂ ਲਿਖਤਾਂ ਰਾਹੀਂ ਇਹ ਸਟੀਕ ਜਾਣਕਾਰੀ ਸਮੂਹ ਪੰਜਾਬੀਆਂ ਤੇ ਖੋਜਾਰਥੀਆਂ ਦੀ ਅਗਲੀ ਪੀੜ੍ਹੀ ਤੱਕ ਜਿਵੇਂ ਅੱਗੇ ਵਧਾਈ ਹੈ, ਉਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਥੋੜ੍ਹ ਹੋਵੇਗੀ। ਉਹਨਾਂ ਦਾ ਜਾਪੁ ਸਾਹਿਬ ਦੇ ਚਿੰਨ੍ਹ ਪ੍ਰਬੰਧ 'ਤੇ ਪੀ ਐੱਚ.ਡੀ ਖੋਜ-ਪ੍ਰਬੰਧ ਅਤੇ ਭਾਸ਼ਾ-ਵਿਗਿਆਨ 'ਤੇ ਉਹਨਾਂ ਦੀ ਪੁਸਤਕ 'ਮਾਨਵ ਵਿਗਿਆਨਕ ਭਾਸ਼ਾ ਵਿਗਿਆਨ' ਪੰਜਾਬੀ ਭਾਸ਼ਾ 'ਤੇ ਖੋਜ ਤੇ ਅਧਿਐਨ ਦੇ ਖੇਤਰ ਵਿੱਚ ਮੀਲ-ਪੱਥਰ ਹਨ। ਗੁਰਬਾਣੀ ਦੇ ਭਾਸ਼ਾਈ ਅਧਿਐਨ ਉਹਨਾਂ ਦੀ ਹੋਰ ਵਡਮੁੱਲੀ ਦੇਣ ਹੈ। ਉਹਨਾਂ ਨੇ ਗੁਰਬਾਣੀ ਦੀ ਭਾਸ਼ਾ ਦੇ ਖੋਜਾਰਥੀਆਂ ਦੀ ਇੱਕ ਪੀੜ੍ਹੀ ਤਿਆਰ ਕੀਤੀ, ਜੋ ਇਸ ਖੇਤਰ ਵਿੱਚ ਵਡਮੁੱਲਾ ਹਿੱਸਾ ਪਾ ਰਹੀ ਹੈ। ਉਹਨਾਂ ਦੇ ਜਾਣ ਨਾਲ ਪੰਜਾਬੀ ਅਕਾਦਮਿਕਤਾ ਦੇ ਖੇਤਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਤਾਂ ਪਿਆ ਹੀ ਹੈ, ਇਸ ਨਾਲ ਸਮੂਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਪਰਵਾਰ ਇੱਕ ਪਿਆਰੇ, ਸਹਿਜ, ਸੰਜੀਦਾ ਤੇ ਵੱਡੇ ਵਿਦਵਾਨ ਮਿੱਤਰ ਦੀ ਅਗਵਾਈ ਤੋਂ ਵੀ ਹੀਣਾ ਹੋ ਗਿਆ ਹੈ। ਉਹਨਾਂ ਨੇ ਇਸ ਅਸਹਿ ਦੁੱਖ ਦੀ ਘੜੀ ਵਿੱਚ ਡਾ. ਸਿੱਧੂ ਦੇ ਪਰਵਾਰ ਨਾਲ ਆਪਣੀ ਡੂੰਘੀ ਇੱਕਮੁੱਠਤਾ ਪ੍ਰਗਟਾਈ। ਉਹਨਾਂ ਕਿਹਾ ਕਿ ਕੇਂਦਰੀ ਸਭਾ ਡਾ. ਪਰਮਜੀਤ ਸਿੱਧੂ ਦੀ ਪੰਜਾਬੀ ਭਾਸ਼ਾ ਨੂੰ ਦੇਣ 'ਤੇ ਵਿਸ਼ੇਸ਼ ਪ੍ਰੋਗਰਾਮ ਉਲੀਕ ਕੇ ਉਹਨਾਂ ਦੀ ਯਾਦ ਨੂੰ ਕਾਇਮ ਰੱਖੇਗੀ ਤੇ ਉਹਨਾਂ ਦੀ ਦੇਣ ਨੂੰ ਸਮੂਹ ਪੰਜਾਬੀਆਂ ਸਾਹਵੇਂ ਹੋਰ ਉੱਘੜਵੇਂ ਰੂਪ ਵਿੱਚ ਲਿਆਉਣ ਦੇ ਯਤਨ ਕਰਦੀ ਰਵ੍ਹੇਗੀ।

—ਸੁਖਦੇਵ ਸਿੰਘ ਸਿਰਸਾ

ਸ਼ਹੀਦ ਊਧਮ ਸਿੰਘ ਮੰਚ ਦੀ ਮੀਟਿੰਗ

ਸੁਨਾਮ-ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਆਗੂਆਂ ਨੇ ਮੀਟਿੰਗ ਕਰਕੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਦੇਸ਼ ਦੀ ਆਜ਼ਾਦੀ ਲਈ ਆਪਣੀ ਅਨਮੋਲ ਜ਼ਿੰਦਗੀ ਕੁਰਬਾਨ ਕਰਨ ਵਾਲੇ ਸ਼ਹੀਦ ਊਧਮ ਸਿੰਘ ਦਾ ਸਾਮਾਨ ਉਹਨਾਂ ਦੇ ਸੁਨਾਮ ਊਧਮ ਸਿੰਘ ਵਾਲਾ ਵਿੱਚ ਬਣੇ ਮਿਊਜ਼ੀਅਮ ਵਿੱਚ ਲਿਆ ਕੇ ਰੱਖਿਆ ਜਾਵੇ। ਉਹਨਾਂ ਦੀਆਂ ਅਸਥੀਆਂ ਦੇ ਦੋ ਕਲਸ ਮਿਊਜ਼ੀਅਮ ਬਣਨ ਦੇ ਬਾਵਜੂਦ ਅੱਜ ਵੀ ਸੁਨਾਮ ਊਧਮ ਸਿੰਘ ਵਾਲਾ ਵਿੱਚ ਸਰਕਾਰੀ ਕਾਲਜ ਦੀ ਲਾਇਬਰੇਰੀ ਵਿੱਚ ਪਏ ਹਨ। ਉਨ੍ਹਾਂ ਨੂੰ ਅਜੇ ਵੀ ਮਿਊਜ਼ੀਅਮ ਵਿੱਚ ਲਿਆ ਕੇ ਨਹੀਂ ਰੱਖਿਆ ਗਿਆ। ਪਿਛਲੇ ਦੋ ਸਾਲਾਂ ਤੋਂ 31 ਜੁਲਾਈ 2021 ਨੂੰ ਤੇ 31 ਜੁਲਾਈ 2022 ਨੂੰ ਸ਼ਹੀਦ ਦੇ ਸ਼ਹੀਦੀ ਦਿਹਾੜੇ 'ਤੇ ਇੱਕ ਅਸਥੀਆਂ ਦਾ ਕਲਸ ਸਵੇਰੇ ਸਰਕਾਰੀ ਕਾਲਜ ਤੋਂ ਉਧਾਰਾ ਲਿਆਂਦਾ ਗਿਆ ਤੇ ਮੁੱਖ ਮੰਤਰੀ ਦੇ ਵਾਪਸ ਜਾਣ ਤੋਂ ਬਾਅਦ ਸਰਕਾਰੀ ਕਾਲਜ ਵਿਖੇ ਮੋੜ ਕੇ ਰੱਖ ਦਿੱਤਾ ਜਾਂਦਾ ਹੈ। ਮੰਚ ਆਗੂਆਂ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਆਪਣੀ ਜ਼ਿੰਦਗੀ ਕੁਰਬਾਨ ਕਰਨ ਵਾਲੇ ਯੋਧਿਆਂ ਨੂੰ ਨਜ਼ਰ-ਅੰਦਾਜ਼ ਕਰਨਾ ਸਰਕਾਰ ਲਈ ਚੰਗਾ ਕੰਮ ਨਹੀਂ ਹੈ। ਮੰਚ ਦੇ ਆਗੂਆਂ ਨੇ ਆਖਿਆ ਕਿ ਸ਼ਹੀਦ ਊਧਮ ਸਿੰਘ ਦੀ ਵਿਚਾਰਧਾਰਾ ਨੂੰ ਆਮ ਲੋਕਾਂ ਤੱਕ ਲੈ ਕੇ ਜਾਣ ਦਾ ਕੰਮ ਮੰਚ ਲਗਾਤਾਰ ਕਰਦਾ ਰਹੇਗਾ ਤੇ ਸ਼ਹੀਦ ਸੰਬੰਧੀ ਜੋ ਅਧੂਰੇ ਕੰਮ ਪਏ ਹਨ, ਉਹਨਾਂ ਨੂੰ ਪੂਰਾ ਕਰਨ ਲਈ ਮੰਚ ਲਗਾਤਾਰ ਸਰਕਾਰ ਨੂੰ ਜਗਾਉਂਦਾ ਰਹੇਗਾ। 31 ਜੁਲਾਈ ਨੂੰ ਸ਼ਹੀਦੀ ਦਿਵਸ ਮੌਕੇ ਸ਼ਹੀਦ ਦੇ ਵਿਚਾਰਾਂ ਨੂੰ ਸੁਨਾਮ ਇਲਾਕੇ ਦੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਲਈ ਮੰਚ ਨੇ ਇੱਕ ਹਫਤੇ ਦਾ ਪ੍ਰੋਗਰਾਮ ਉਲੀਕਿਆ ਹੈ।

— ਦਾਤਾ ਨਮੋਲ

ਬੂਟਾ ਸਿੰਘ ਚੌਹਾਨ ਦਾ ਸਨਮਾਨ

ਬਰਨਾਲਾ. (ਚੰਡਿਹੋਕ)-ਬੀਤੇ ਦਿਨੀਂ ਡੇਰਾ ਬਾਬਾ ਟੇਕ ਦਾਸ, ਸੰਘੇੜਾ ਵਿਖੇ ਪੰਜਾਬੀ ਦੇ ਬਹੁਪੱਖੀ ਲੇਖਕ ਅਤੇ ਪ੍ਰਸਿੱਧ ਗ਼ਜ਼ਲਗੋ ਬੂਟਾ ਸਿੰਘ ਚੌਹਾਨ ਦਾ ਸਨਮਾਨ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬੀ ਸਾਹਿਤ ਸਭਾ ਰਜਿ. ਬਰਨਾਲਾ ਦੇ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਅਤੇ ਪ੍ਰੈੱਸ ਸਕੱਤਰ ਤੇਜਿੰਦਰ ਚੰਡਿਹੋਕ ਨੇ ਦੱਸਿਆ ਕਿ ਹਾਲ ਹੀ ਵਿੱਚ ਭਾਰਤੀ ਸਾਹਿਤ ਅਕਾਦਮੀ ਦਿੱਲੀ ਵਿਖੇ ਚੌਹਾਨ ਦੇ ਗਵਰਨਿੰਗ ਕੌਂਸਲ ਦੇ ਮੈਂਬਰ ਬਣਨ 'ਤੇ ਸ੍ਰੀ ਬੂਟਾ ਸਿੰਘ ਚੌਹਾਨ ਨੂੰ ਸੰਤ ਮਾਧਵਾ ਨੰਦ ਯਾਦਗਾਰੀ ਐਵਾਰਡ ਪ੍ਰਦਾਨ ਕੀਤਾ ਗਿਆ। ਇਹ ਸਨਮਾਨ ਦੀ ਰਸਮ ਡੇਰੇ ਦੇ ਮੁਖੀ ਮਹੰਤ ਸੁਖਦੇਵ ਮੁਨੀ ਨੇ ਅਦਾ ਕੀਤੀ। ਉਹਨਾਂ ਦੱਸਿਆ ਕਿ ਇਸ ਸਨਮਾਨ ਵਿੱਚ ਇਕਵੰਜਾ ਸੌ ਰੁਪਏ ਦੀ ਨਗਦ ਰਾਸ਼ੀ ਅਤੇ ਸਨਮਾਨ ਚਿੰਨ੍ਹ ਸ਼ਾਮਲ ਹੈ। ਇਸ ਸੰਬੰਧੀ ਪ੍ਰੋ. ਭੁਪਿੰਦਰ ਸਿੰਘ (

23-July-Sunday.qxd 7/22/2023 8:58 PM Page 3

ਮਨਦੀਪ ਔਲਖ ਸਾਡੇ ਸਮਿਆਂ ਦੀ ਗੰਭੀਰ ਸ਼ਾਇਰਾ ਹੈ। ਕਦੀ-ਕਦੀ ਉਸ ਦੀਆਂ ਕੁਝ ਕਵਿਤਾਵਾਂ ਉਹਨਾਂ ਲੋਕਾਂ ਨੂੰ ਪਰੇਸ਼ਾਨ ਕਰਦੀਆਂ ਹਨ, ਜੋ ਪੁਰਖਿਆਂ ਵੱਲੋਂ ਸਿਰਜੇ ਰਾਹਾਂ 'ਤੇ ਪਾਏ ਪੂਰਨਿਆਂ 'ਤੇ ਹੀ ਚੱਲਣ ਦੇ ਆਦੀ ਹੋ ਚੁੱਕੇ ਹੁੰਦੇ ਹਨ, ਪਰ ਉਹ ਆਪਣੇ ਸਮਕਾਲੀ ਸਮਾਜਿਕ, ਆਰਥਿਕ, ਪਰਵਾਰਕ ਪ੍ਰਬੰਧ 'ਤੇ ਗੰਭੀਰ ਕਿਸਮ ਦੇ ਪ੍ਰਸ਼ਨ ਖੜੇ ਕਰਦੀ ਹੈ। ਅਸਲ ਵਿੱਚ ਉਹ ਪ੍ਰਸ਼ਨ ਹੀ ਕੁਝ ਇੱਕ ਨੂੰ ਪਰੇਸ਼ਾਨ ਕਰਦੇ ਹਨ, ਪਰ ਉਹ ਜਿਸ ਤਰ੍ਹਾਂ ਘਰ ਪਰਵਾਰ/ਸਮਾਜ ਵਿਚਲੇ ਵਰਤਾਰਿਆਂ ਨੂੰ ਬਾਰੀਕਬੀਨੀ ਨਾਲ ਕਾਵਿ ਸੰਵੇਦਨਾ 'ਚ ਢਾਲਦੀ ਹੈ, ਉਹ ਬਾ-ਕਮਾਲ ਹੁੰਦਾ ਹੈ ਅਤੇ ਉਸ ਵਿੱਚ ਹੀ ਉਸ ਦੀ ਵਿਲੱਖਣ ਕਾਵਿ ਸੰਵੇਦਨਾ ਲੁਕੀ ਹੁੰਦੀ ਹੈ। ਇੱਥੇ ਪੇਸ਼ ਹਨ ਉਸ ਦੀਆਂ ਪੰਜ ਕਵਿਤਾਵਾਂ, ਜਿਨ੍ਹਾਂ ਵਿੱਚ ਔਰਤ ਰਾਜ ਕੁਮਾਰੀ ਵੀ ਹੈ, ਮਾਂ ਵੀ, ਝੱਲੀ ਵੀ, ਸੰਵੇਦਨਸ਼ੀਲ ਵੀ ਤੇ ਹੋਰ ਵੀ ਬਹੁਤ ਕੁਝ।

— ਸੰਪਾਦਕ

ਮਨਦੀਪ ਔਲਖ ਦੀਆਂ ਪੰਜ ਕਵਿਤਾਵਾਂ

ਪੀਲੇ ਫੁੱਲਾਂ ਦਾ ਸੁਪਨਾ

ਉਹ ਰਾਜਕੁਮਾਰੀ ਨਹੀਂ ਸੀ
ਨਾ ਹਾਤਿਮਤਾਈ ਦੀ ਕਥਾ ਦੀ ਨਾਇਕਾ
ਕਿ ਕੋਈ ਸ਼ਹਿਜ਼ਾਦਾ ਉਸ ਲਈ
ਸਰ ਕਰ ਆਉਂਦਾ ਸੱਤ ਕੰਧਾਂ ਵਾਲਾ ਕਿਲ੍ਹਾ
ਜਾਂ ਦੈਂਤ ਨੂੰ ਮਾਰ ਦਿੰਦਾ ਤੇ
ਉਸ ਦੀਆਂ ਨਾਜ਼ੁਕ ਵੀਣੀਆਂ ਨੂੰ ਖੋਲ੍ਹ ਕੇ ਪਲੋਸਦਾ
ਜਾਂ ਸਮੁੰਦਰ ਪਾਰ ਤੋਂ ਉੱਡਣ ਵਾਲਾ
ਕਲੀਨ ਲੈ ਆਉਂਦਾ ਉਸ ਲਈ

ਉਹ ਤਾਂ ਮੇਹਰੂ ਦੀ ਤੀਜੀ ਧੀ ਸੀ
ਓਹੀ ਮੇਹਰੂ, ਜੋ ਕਦੇ ਪੱਕਿਆਂ ਦਾ ਮਿਹਰ ਸਿੰਘ ਹੁੰਦਾ ਸੀ
ਚੜ੍ਹਦੀ ਜਵਾਨੀ 'ਚ ਇਕ-ਦੋ ਵਾਰ
ਸ਼ੌਕ ਨਾਲ ਖਾਧੀ ਕਾਲੀ ਨਾਗਣੀ
ਬੁਢਾਪੇ ਤੱਕ ਹੱਡਾਂ ਦਾ ਖੌਅ ਬਣ ਗਈ
ਤੇ ਮਿਹਰ ਸਿੰਘ ਤੋਂ ਮੇਹਰੂ ਹੱਡਲ
ਨਵੀਂ ਪੀੜ੍ਹੀ ਦੇ ਮੁੰਡੇ ਉਸ ਨੂੰ ਮੇਹਰੂ ਪੋਸਤੀ ਕਹਿੰਦੇ

ਪਤਾ ਨਹੀਂ ਕਦੋਂ ਉਸ ਦੇ ਬਾਪ ਦੇ
6 ਕਿੱਲੇ ਡੰਗਰਾਂ ਵਾਲੇ 6 ਖਣਾਂ ਤੱਕ ਸਿਮਟ ਗਏ

ਤੇ ਉਹ ਸੀ ਮੇਹਰੂ ਦੀ ਅਣਵਿਆਹੀ ਧੀ ਰਾਣੀ
ਉਮਰ ਦੇ 30 ਕਦੋਂ ਦੇ ਪਾਰ ਕਰ ਆਈ
ਉਸ ਨੂੰ ਖੁਦ ਵੀ ਯਾਦ ਨਹੀਂ
ਬਸ ਉਸ ਨੂੰ ਯਾਦ ਹੈ ਪਰਾਰ ਸਾਲ
ਰੁਲਦੂ ਛੜੇ ਨੇ ਬੋਲੀ ਮਾਰੀ ਸੀ

'ਇਹ ਸਹੁਰੀ ਨੇ ਵੀ ਰੱਬ ਨੂੰ ਸੁੱਚੇ ਮੂੰਹ ਹੀ ਜਾ ਮਿਲਣਾ'
ਉਸ ਦਾ ਵੀ ਦਿਲ ਕਰਦਾ ਕਿ ਕਿਸੇ ਕੁੜੀ ਦੇ ਵਿਆਹ 'ਤੇ
ਏਨਾ ਜ਼ੋਰ ਦੀ ਨੱਚੇ ਕੇ ਕਣਕਵੰਨਾ ਰੰਗ ਲਾਲ ਹੋ ਜਾਵੇ
ਓਹਦੇ ਸੁਪਨੇ 'ਚ ਪੀਲੇ ਫੁੱਲ ਆਉਂਦੇ ਕਦੇ-ਕਦੇ
ਵਿਛੀ ਹੋਈ ਸੇਜ 'ਤੇ ਖਿੜੇ ਕੱਚੇ ਪੀਲੇ ਫੁੱਲ
ਜਿਵੇਂ ਤੋਰੀਆਂ ਦੀ ਵੇਲ 'ਤੇ ਲਗਦੇ

ਮਾਂ ਨੂੰ ਸੁਪਨਾ ਦੱਸਦੀ ਫੁੱਲਾਂ ਦੇ ਰੰਗ ਨੂੰ
ਆਪਣੇ ਪੋਟਿਆਂ 'ਤੇ ਮਹਿਸੂਸ ਕਰਦੀ ਰਾਣੀ
ਆਸ ਹੈ ਉਸ ਨੂੰ ਕਿ ਅਜੇ ਵੀ ਕੋਈ
ਕੱਚੀ ਪੀਲੀ ਪੱਗ ਵਾਲਾ
ਆਵੇਗਾ ਉਸ ਦੇ ਸੁਪਨਿਆਂ ਵਿਚ
ਸੋਚ ਕੇ ਉਹ ਅੱਖਾਂ ਮੀਚਦੀ
ਧੌਲਿਆਂ ਵਾਲਾ ਕੋਈ ਚੇਹਰਾ ਆ ਜਾਂਦਾ ਸਾਹਮਣੇ
ਮੁਰਝਾ ਜਾਂਦੇ ਪੀਲੇ ਫੁੱਲ
ਅੱਖਾਂ 'ਚ ਟੁੱਟੇ ਸੁਪਨਿਆਂ ਦੀ ਚੋਭ ਰੜਕਦੀ ਗਈ
ਉਦਾਸ ਹੈ ਮੇਹਰੂ ਦੀ ਧੀ ਰਾਣੀ

ਰੰਗ ਮੌਸਮ ਅਹਿਸਾਸ

ਹਿਮਾਚਲੀ ਟੋਪੀ ਪਹਿਨ ਕੇ
ਮੈਂ ਆਪਣੇ ਆਪ ਨੂੰ
ਬਰਫੀਲੀ ਹਵਾ ਵਿਚ ਲਿਪਟਿਆ ਪਾਇਆ
ਕਲ-ਕਲ ਵਹਿੰਦੀਆਂ ਕੂਲਾਂ ਨਾਲ ਤੁਰਦਿਆਂ
ਠੰਢੀ ਹਵਾ ਵਿਚ ਨਸ਼ਿਆਉਂਦਿਆਂ
ਬੁਰਾਸ ਦੇ ਫੁੱਲਾਂ ਨੇ ਮੇਰੇ ਚਿਹਰੇ ਨੂੰ ਛੂਹਿਆ
ਪੋਟਿਆਂ ਵਿਚ ਅਛੋਹ ਬਰਫ ਦੀ ਠੰਡਕ ਦਾ ਅਹਿਸਾਸ ਜਾਗਿਆ
ਜੈਪੁਰੀ ਚੱਪਲ ਪੈਰੀਂ ਪਾਈ
ਫਰਸ਼ ਰੇਤ ਵਿਚ ਵਟਦੀ ਜਾਪੀ
ਸਾਹਵੇਂ ਦੂਰ ਤੱਕ ਸਹਿਰਾ ਵਿਛ ਗਏ
ਵਾਵਰੋਲੇ ਅੱਖਾਂ ਅੱਗੇ ਨੱਚਣ ਲੱਗੇ
ਦੁਮੇਲਾਂ ਤੱਕ ਧੁੰਦਲਕਾ ਛਾ ਗਿਆ ਜਾਪਿਆ

ਬਨਾਰਸੀ ਚੂੜ੍ਹੀਆਂ ਹੱਥ ਵਿਚ ਪਾਈਆਂ
ਬਾਹਾਂ ਵਿਚ ਗੰਗਾ ਦੇ ਧਾਰੇ ਸਮੋ ਗਏ
ਅੱਖਾਂ ਮੀਟੀਆਂ
ਕਿਸੇ ਮਲਾਹ ਦੀ ਵਿਯੋਗੀ ਹੇਕ ਸੁਣੀ
ਘਾਟ ਦਾ ਰੌਲਾ-ਗੌਲਾ ਸਾਕਾਰ ਹੋਇਆ

ਹਰ ਰੰਗ ਦਾ ਇਕ ਮੌਸਮ ਹੁੰਦਾ
ਤੇ ਮੌਸਮ ਇਕ ਅਹਿਸਾਸ
ਅਹਿਸਾਸ ਜੀਣ ਲਈ
ਰੰਗ ਜੀਣੇ ਪੈਂਦੇ

ਆਜ਼ਾਦੀ ਮੁਬਾਰਕ ਸਖੀ

ਝੱਲੀ ਕੁੜੀ
ਰਿਸ਼ਤੇ ਦੇ ਟੁੱਟ ਜਾਣ 'ਤੇ ਦੁਖੀ ਹੈ
ਦੁੱਖ ਬਿਆਨਦਿਆਂ
ਝਲਕਣ-ਝਲਕਣ ਕਰਦੇ ਹੰਝੂ
ਹਰ ਚੀਜ਼ ਅਧੂਰੀ ਲਗਦੀ ਹੈ ਉਸ ਨੂੰ

ਬਰਸਾਤ ਦੀਆਂ ਪਹਿਲੀਆਂ ਕਣੀਆਂ ਨਾਲ
ਮਿੱਟੀ 'ਚੋਂ ਆਉਂਦੀ ਹਮਕ
ਹੁਣ ਉਸ ਨੂੰ ਕੋਹ ਸੁੱਟਦੀ ਹੈ
ਸਤਰੰਗੀ ਪੀਂਘ ਨਾਲ ਮੇਲ ਕੇ ਰੰਗਵਾਈਆਂ ਚੁੰਨੀਆਂ
ਉਸ ਨੇ ਸੰਦੂਕ 'ਚ ਡੂੰਘੀਆਂ ਸਾਂਭ ਦਿੱਤੀਆਂ ਨੇ

ਝੱਲੀ ਕੁੜੀ
ਰਸਤਿਆਂ ਵੱਲ ਵੇਖਦੀ
ਬੁਝਾਰਤ ਪਾਉਂਦੀ ਹੈ
ਇਕ ਭਾਈ ਲੰਮਾ ਹੀ ਲੰਮਾ
ਤੇ ਆਪ ਹੀ ਮੁਸਕਰਾ ਦਿੰਦੀ ਉੱਤਰ ਵਿਚ

ਮੇਰਾ ਦਿਲ ਕਰਦੈ
ਉਸ ਦਾ ਹੱਥ ਫੜਾਂ
ਤੇ ਪੋਲਾ ਜਿਹਾ ਘੁੱਟ ਕੇ
ਆਜ਼ਾਦੀ ਮੁਬਾਰਕ ਆਖਾਂ
ਉਸ ਨੂੰ ਖੁਦ ਨਾਲ ਮਿਲਣ ਲਈ ਮੁਬਾਰਕ ਕਹਾਂ

ਪਰ ਸੋਚਦੀ ਹਾਂ
ਇਕ ਦਿਨ ਖੁਦ ਹੀ ਸਮਝ ਜਾਵੇਗੀ ਉਦਾਸ
ਝੱਲੀ ਕੁੜੀ

ਰੋਟੀਆਂ ਪਕਾਉਂਦੀ ਮਾਂ

ਰੋਟੀਆਂ ਪਕਾਉਂਦੀ ਮਾਂ
ਕਿੰਨਾ ਮਸ਼ੀਨੀ ਲਗਦੀ ਹੈ
ਪੋੜੇ ਕਰਦੀ, ਵੇਲਦੀ, ਤਵੇ ਉੱਪਰ ਥੱਲਦੀ
ਪੱਕ ਗਈ ਰੋਟੀ ਨੂੰ ਚੋਪੜ ਕੇ ਪੋਣੇ ਵਿਚ ਲਪੇਟਦੀ

ਇਵੇਂ ਦਾ ਮਸ਼ੀਨੀ ਹੋਣਾ ਸਿਖਾਇਆ ਗਿਆ ਹੈ ਉਸ ਨੂੰ
ਬਚਪਨ ਤੋਂ ਹੀ
ਪਤਾ ਹੀ ਨਹੀਂ ਚੱਲਿਆ
ਕਦੋਂ ਇਸ ਵਿਚ ਸੁੱਖ ਮਿਲਣ ਲੱਗਾ ਮਾਂ ਨੂੰ

ਗਰਮ ਤਵੇ ਨਾਲ ਏਨੀ ਵਾਰ ਲੂਸੇ ਗਏ ਉਸ ਦੇ ਪੋਟੇ
ਕਿ ਹੁਣ ਸੇਕ ਹੀ ਨਹੀਂ ਲੱਗਦਾ
ਬਸ ਇਕ ਛਾਲਾ ਹੁੰਦਾ
ਇਕ ਨਿਸ਼ਾਨ ਬਣਦਾ
ਕਦੇ ਉਹ ਵੀ ਨਹੀਂ

ਕਮੀਜ਼ ਦੀ ਬਾਂਹ ਨਾਲ ਮੁੜ੍ਹਕਾ ਪੂੰਝਦੀ ਮਾਂ
ਬੜੀ ਦੇਰ ਤੋਂ ਚੁੱਪ-ਚਾਪ
ਲਾਹ ਰਹੀ ਰੋਟੀਆਂ
ਮੈਂ ਉਸ ਨੂੰ ਬਹਾਨੇ ਨਾਲ ਬੁਲਾ ਲਿਆ ਹੈ
ਤਾਂ ਜੋ ਮਾਂ ਮਾਂ ਰਹੇ
ਮਸ਼ੀਨ ਨਾ ਬਣ ਜਾਵੇ

ਦ੍ਰਿਸ਼ ਚਾਲ

ਪਿਛਲੇ ਕੁਝ ਦਿਨਾਂ ਤੋਂ
ਮੇਰੀ ਐਨਕ ਦੀ ਖੱਬੀ ਲੱਤ ਟੁੱਟ ਗਈ ਹੈ
ਪੜ੍ਹਨ ਲੱਗਿਆਂ ਐਨਕ ਦਾ ਖੱਬਾ ਪਾਸਾ
ਖਿਸਕ ਆਉਂਦਾ ਹੈ ਹੇਠਾਂ ਵੱਲ ਨੂੰ
ਅੱਖ ਸ਼ੀਸ਼ੇ ਦੇ ਦਾਇਰੇ ਤੋਂ ਪਾਰ
ਅੱਖਰਾਂ ਨੂੰ ਪਛਾਨਣ ਲਗਦੀ ਹੈ
ਸਿੰਮ ਆਉਂਦਾ ਹੈ ਖੱਬੀ ਅੱਖ ਵਿਚ ਪਾਣੀ
ਸਿਰ ਭਾਰਾ ਹੋਣ ਲਗਦਾ
ਤਾਂ ਯਾਦ ਆਉਂਦਾ
ਠੀਕ ਤੁਰਨ ਲਈ ਹੀ ਨਹੀਂ
ਦੇਖਣ ਲਈ ਵੀ
ਦੋਵੇਂ ਲੱਤਾਂ ਦਾ ਸਲਾਮਤ ਹੋਣਾ ਬਹੁਤ ਜ਼ਰੂਰੀ ਹੈ

ਪਿੰਜਰ, ਰਜ਼ੀਆ ਸੁਲਤਾਨ ਤੇ ਮੌੜ

ਯਾਦਗਾਰੀ ਫਿਲਮਾਂ

ਤਰਸੇਮ ਬਸਰ

ਹੋਰ ਵੀ ਅਨੇਕਾਂ ਨੇ, ਪਰ ਮੈਂ 'ਮੌੜ' ਫਿਲਮ ਦੀ ਸਮੀਖਿਆ ਕਰਦਿਆਂ ਦੋ ਫਿਲਮਾਂ ਦਾ ਸੰਦਰਭ ਹੀ ਲਿਖਾਂਗਾ। ਇੱਕ ਸੀ ਚੰਦਰ ਪਰਕਾਸ਼ ਨਿਰਦੇਸ਼ਤ 'ਪਿੰਜਰ' ਅਤੇ ਦੂਜੀ ਫਿਲਮ ਸੀ ਕਮਾਲ ਅਮਰੋਹੀ ਦੀ ਚਰਚਿਤ ਫਿਲਮ 'ਰਜ਼ੀਆ ਸੁਲਤਾਨ'।

ਪਿੰਜਰ ਅੰਮ੍ਰਿਤਾ ਪ੍ਰੀਤਮ ਦੀ 1947 ਦੀ ਵੰਡ ਦੇ ਦੁਖਾਂਤ ਨਾਲ ਜੁੜੀ ਕਹਾਣੀ 'ਤੇ ਆਧਾਰਿਤ ਸੀ। ਪਿੰਜਰ, ਮੈਂ ਇਸ ਲਈ ਦੇਖਣੀ ਸੀ ਕਿ ਇਹ ਉਹਨਾਂ ਫਿਲਮਾਂ ਦੀ ਸੂਚੀ 'ਚ ਸ਼ਾਮਲ ਸੀ, ਜਿਹਨਾਂ ਦੀ ਮੈਂ ਚਰਚਾ ਇਸ ਲਈ ਕਰਦਾ ਰਿਹਾਂ ਹਾਂ, ਜੋ ਸਾਹਿਤਕ ਕਹਾਣੀਆਂ 'ਤੇ ਆਧਾਰਤ ਹਨ ਤੇ ਰਜ਼ੀਆ ਸੁਲਤਾਨ ਦੇਖਣੀ ਮੇਰੀ ਨਿੱਜੀ ਪਸੰਦ ਸੀ। ਮੈਂ 'ਪਾਕੀਜ਼ਾ' ਵਰਗੀ ਫਿਲਮ ਬਣਾਉਣ ਵਾਲੇ ਕਮਾਲ ਸਾਹਿਬ ਦੀ ਅਗਲੀ ਕਿਰਤ ਦੇਖਣਾ ਚਾਹੁੰਦਾ ਸੀ।

ਖੈਰ, ਮੈਂ ਇਹ ਦੋਵੇਂ ਫਿਲਮਾਂ ਲਾਈਆਂ, ਪਰ ਅੱਧ-ਵਿਚਕਾਰ ਛੱਡ ਦਿੱਤੀਆਂ। ਪਿੰਜਰ ਵੀ ਪੁਰਾਣੇ ਸਮੇਂ ਦੀ ਕਹਾਣੀ 'ਤੇ ਬਣੀ ਸੀ। ਬੇਸ਼ੱਕ ਚੰਦਰ ਪਰਕਾਸ਼ ਦਰਸਕਾਂ ਨੂੰ ਪੁਰਾਣੇ ਸਮੇਂ 'ਚ ਵਾਪਸ ਲੈ ਜਾਣ ਵਿਚ ਅਸਫਲ ਰਹੇ ਸਨ। ਮਨੋਜ ਵਾਜਪਾਈ ਵੰਡ ਦੇ ਦੁਖਾਂਤ ਦੌਰਾਨ ਮਾਨਸਕ ਵਖਰੇਵੇਂ ਦੇ ਸ਼ਿਕਾਰ ਪੰਜਾਬੀ ਨੌਜਵਾਨ ਦੇ ਕਿਰਦਾਰ 'ਚ ਸਨ। ਉਹਨਾ ਦੀ ਦਿੱਖ ਅਤੇ ਬੋਲੀ ਤੋਂ ਉਹ ਪੰਜਾਬੀ ਨੌਜਵਾਨ ਨਜ਼ਰ ਆਉਣ 'ਚ ਅਸਫਲ ਸਨ, ਉਹਨਾ ਦੀ ਭਾਸ਼ਾ 'ਚ ਬਿਹਾਰੀ ਭਾਸ਼ਾ ਦੀ ਪੁੱਠ ਤੋਂ ਉਹ ਨਹੀਂ ਬਚ ਸਕੇ ਸਨ। ਤੱਤਕਾਲੀਨ ਸਮੇਂ ਨੂੰ ਦਿਖਾਉਣ ਲਈ ਬਣਾਏ ਗਏ ਸੈੱਟ ਵੀ 'ਨਵੇਂ' ਬਣੇ ਹੋਏ

ਪ੍ਰਤੀਤ ਹੁੰਦੇ ਸਨ। ਚਾਦਰੇ-ਕੁੜਤੇ, ਪੱਗਾਂ ਸਭ ਕੁਝ ਇਸੇ ਤਰ੍ਹਾਂ ਲੱਗਦਾ ਸੀ, ਪੁਰਾਣੇ ਸਮਿਆਂ ਦਾ ਇਹ ਲਿਬਾਸ ਨਵਾਂ-ਨਵਾਂ ਲਿਆਂਦਾ ਹੈ ਤੇ ਸਿੱਧਾ ਕਲਾਕਾਰਾਂ ਨੂੰ ਦੇ ਦਿੱਤਾ ਗਿਆ ਹੈ, ਲਿਸ਼ਕਦਾ-ਪੁਸ਼ਕਦਾ ਹੋਇਆ। ਨਿਰਦੇਸ਼ਕ ਸਿਰਫ ਕਹਾਣੀ 'ਤੇ ਨਿਰਭਰ ਸੀ। ਉਸ ਨੇ ਪੁਰਾਣਾ ਸਮਾਂ ਪਰਦੇ 'ਤੇ ਚਿਤਰਨ ਅਤੇ ਕਿਰਦਾਰਾਂ ਨੂੰ ਮੂਲਕ ਪ੍ਰਕਿਰਤੀ 'ਚ ਫਿਲਮਾਉਣ 'ਤੇ ਜ਼ਿਆਦਾ ਤਵੱਜੋ ਨਹੀਂ ਸੀ ਦਿੱਤੀ। ਫਿਲਮ ਲੋਕਾਂ ਨੂੰ ਆਪਣੇ ਨਾਲ ਤੋਰਨ 'ਚ ਅਸਫਲ ਰਹੀ, ਰਹਿਣੀ ਹੀ ਸੀ।

ਸਿਰਫ ਕਹਾਣੀ 'ਤੇ ਨਿਰਭਰਤਾ 'ਪਿੰਜਰ' ਦੀ ਅਸਫਲਤਾ ਦਾ ਕਾਰਨ ਸੀ ਤਾਂ 'ਮੌੜ' ਦੇ ਨਿਰਦੇਸ਼ਕ ਜਤਿੰਦਰ ਮੌਹਰ ਅੱਗੇ ਇਹ ਚੁਣੌਤੀ ਸੀ। 'ਮੌੜ' ਦੀ ਕਹਾਣੀ ਪੰਜਾਬ 'ਚ ਬੱਚੇ-ਬੱਚੇ ਨੇ ਸੁਣੀ ਹੋਈ ਹੈ। ਫਿਲਮ ਵੀ ਬਣ ਚੁੱਕੀ ਸੀ, ਸਫਲ ਵੀ ਹੋਈ ਸੀ, ਫਿਰ ਦਰਸ਼ਕ ਇਹ ਫਿਲਮ ਦੇਖਣ ਲਈ ਪੈਸੇ ਕਿਉਂ ਲਾਉਣਗੇ? ਉਹ ਵੀ ਉਹਨਾਂ ਸਮਿਆਂ 'ਚ, ਜਦੋਂ ਸਿਨਮਾ ਜਾਣ ਦਾ ਰੁਝਾਨ ਘਟਿਆ ਹੈ।

ਕਮਾਲ ਅਮਰੋਹੀ 'ਪਾਕੀਜ਼ਾ' ਵਰਗਾ ਕਮਾਲ ਦਿਖਾ ਚੁੱਕੇ ਸਨ, ਪਾਕੀਜ਼ਾ ਲਈ ਉਹਨਾ ਆਪਣਾ ਸਭ ਕੁਝ ਝੋਕ ਦਿੱਤਾ ਸੀ। 12 ਤੋਂ 15 ਸਾਲ ਲੇਖੇ ਲਾ ਦਿੱਤੇ ਸਨ। ਛੋਟੀ-ਛੋਟੀ ਗੱਲ 'ਤੇ, ਕਾਸਟਿਊਮ, ਭਾਸ਼ਾ, ਦਿੱਖ 'ਤੇ ਬਾਰੀਕੀ ਨਾਲ ਕੰਮ ਕੀਤਾ ਸੀ। ਕਿਹਾ ਜਾਂਦਾ ਹੈ ਕਿ ਇੱਕ ਵਾਰ ਉਸ ਦ੍ਰਿਸ਼ 'ਤੇ ਕਈ ਦਿਨ ਲੱਗ ਗਏ ਸਨ, ਜਿਸ ਵਿੱਚ ਮੁੱਖ ਤੌਰ 'ਤੇ ਮੀਨਾ ਕੁਮਾਰੀ ਨੇ ਮੁਜਰਾ ਕਰਨਾ ਸੀ ਤੇ ਦੂਰ ਦਿਖਾਈ ਦੇ ਰਹੇ ਕੋਠੇ 'ਤੇ ਇੱਕ ਜੂਨੀਅਰ ਕਲਾਕਾਰ ਨੇ ਰਕਸ਼ ਕਰਨਾ ਸੀ, ਪਰ ਉਸ ਦੇ ਸਟੈੱਪ ਬੇਤਾਲੇ ਸਨ। ਸ਼ਾਇਦ ਹੀ ਕਿਸੇ ਦਾ ਧਿਆਨ ਉਥੇ ਜਾਂਦਾ, ਪਰ ਕਮਾਲ ਸਾਹਬ ਨੂੰ ਇਹ ਕਮੀ ਰੜਕਦੀ ਰਹੀ ਤੇ ਫਿਰ ਇੱਕ ਅਜਿਹੀ ਕਲਾਕਾਰ ਨੂੰ ਲਿਆਂਦਾ ਗਿਆ, ਜੋ ਮੁਜਰੇ 'ਚ ਪਾਰੰਗਤ ਸੀ, ਤਦ ਜਾ ਕੇ ਦ੍ਰਿਸ਼ ਪੂਰਾ ਕੀਤਾ ਗਿਆ।

ਪਰ 'ਰਜ਼ੀਆ ਸੁਲਤਾਨ' ਸ਼ਾਇਦ ਕਾਹਲੀ 'ਚ ਬਣੀ ਹੋਈ ਫਿਲਮ ਸੀ। ਇਸ 'ਚ ਕਮਾਲ ਸਾਹਬ ਦਾ ਉਹ 'ਕਮਾਲ' ਨਜ਼ਰ ਨਹੀਂ ਸੀ ਆਇਆ। ਸੈੱਟ ਵੀ ਸੁਭਾਵਿਕ ਨਜ਼ਰ ਨਹੀਂ ਸਨ ਆਏ। ਧਰਮਿੰਦਰ ਕਾਲੇ ਗੁਲਾਮ ਦੀ ਜਗ੍ਹਾ ਧਰਮਿੰਦਰ ਹੀ ਮਹਿਸੂਸ ਹੁੰਦੇ ਰਹੇ। ਛੋਟੀਆਂ-ਛੋਟੀਆਂ, ਪਰ ਅਹਿਮ ਬਾਰੀਕੀਆਂ 'ਤੇ ਪੂਰਾ ਧਿਆਨ ਨਾ ਦੇਣ ਕਰਕੇ ਫਿਲਮ ਦਰਸ਼ਕਾਂ ਨੂੰ ਪੁਰਾਣੇ ਸਮੇਂ ਨਾਲ ਤੋਰਨ ਵਿਚ ਅਸਫਲ ਰਹੀ।

'ਮੌੜ' ਦੀ ਮਿਕਨਾਤੀਸੀ ਖਿੱਚ ਵਿੱਚ, ਇਸ ਦੀ ਸਫਲਤਾ ਦੇ ਰਾਜ਼ ਵਿੱਚ, ਵੀ ਇਹੀ ਰਾਜ਼ ਹੈ, ਛੋਟੀਆਂ, ਨਿੱਕੀਆਂ ਚੀਜ਼ਾਂ ਪ੍ਰਤੀ ਚੇਤਨ ਦ੍ਰਿਸ਼ਟੀ। ਪੁਰਾਣੇ ਸਮੇਂ ਦਾ ਸੁਭਾਵਿਕ ਚਿਤਰਨ ਅਤੇ ਕਿਰਦਾਰਾਂ ਦੇ ਅੰਦਰ ਚੱਲ ਰਹੇ ਵਰਤਾਰੇ ਦੀ ਸਪੱਸ਼ਟਤਾ। ਭਾਸ਼ਾ ਪ੍ਰਤੀ ਸੁਚੇਤ ਰਹਿਣਾ, ਭਾਸ਼ਾ ਨੂੰ ਮੂਲਕ ਪ੍ਰਕਿਰਤੀ 'ਚ ਪੇਸ਼ ਕਰਨਾ, ਜਿੱਥੇ ਫਿਲਮ ਦਾ ਅਹਿਮ ਆਕਰਸ਼ਣ ਹੈ, ਉਥੇ ਉਹਨਾਂ ਫਿਲਮਕਾਰਾਂ ਲਈ ਸੁਨੇਹਾ ਵੀ ਹੈ, ਜੋ ਅਜਿਹੀਆਂ ਬਰੀਕ ਚੀਜ਼ਾਂ ਪ੍ਰਤੀ ਅਵੇਸਲੇ ਰਹਿੰਦੇ ਹਨ ਤੇ ਸਮਝਦੇ ਹਨ ਕਿ ਦਰਸ਼ਕ ਇਸ ਮਹੀਨ ਪੱਧਰ ਤੱਕ ਨਹੀਂ ਸੋਚਦਾ, ਉਹਨਾ ਦਾ ਹੀਰੋ ਮਾਝੇ ਦੀ ਭਾਸ਼ਾ 'ਚ ਗੱਲ ਕਰਦਾ ਹੈ ਤੇ ਮਾਂ ਮਲਵਈ ਲਹਿਜ਼ੇ 'ਚ।

'ਮੌੜ' ਲਈ ਜਤਿੰਦਰ ਮੌਹਰ ਦਾ ਰੋਹੀਆਂ ਦਿਖਾਉਣ ਲਈ ਰਾਜਸਥਾਨ ਜਾਣਾ ਵੀ ਵਧੀਆ ਕਦਮ ਸੀ। ਇਹ ਇਲਾਕਾ ਅੱਜ ਵੀ ਉਸ ਪੰਜਾਬ ਵਰਗਾ ਹੈ, ਜੋ ਪੰਜਾਬ ਅੱਜ ਤੋਂ ਇਕ ਸਦੀ ਪਹਿਲਾਂ ਹੁੰਦਾ ਸੀ, ਜੋ ਹੁਣ ਦੀਆਂ ਪੀੜ੍ਹੀਆਂ ਨੇ ਨਹੀਂ ਦੇਖਿਆ। ਫਿਲਮ 'ਚ ਕਿਰਦਾਰਾਂ ਦੇ ਪਹਿਰਾਵੇ ਪ੍ਰਤੀ ਚੇਤੰਨਤਾ ਵੀ ਪ੍ਰਭਾਵਤ ਕਰਦੀ ਹੈ। ਜਿੱਥੇ ਕੋਠੇ, ਢਾਰੇ, ਪਿੰਡ, ਪਿੰਡਾਂ ਦੀਆਂ ਗਲੀਆਂ ਤਤਕਾਲੀਨ ਸਮੇਂ ਅਨੁਸਾਰ ਪ੍ਰਤੀਤ ਹੁੰਦੀਆਂ ਹਨ, ਉਥੇ ਨਿਰਦੇਸਕ ਦੀ ਇੱਕ ਹੋਰ ਪ੍ਰਾਪਤੀ ਦਾ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ। ਉਹ ਹੈ ਕਿਰਦਾਰਾਂ ਲਈ ਨਵੇਂ ਚਿਹਰਿਆਂ ਦੀ ਚੋਣ। ਇਸ ਕਰਕੇ ਕਿਰਦਾਰ ਸੁਭਾਵਕ ਪ੍ਰਤੀਤ ਹੁੰਦੇ ਹਨ।

ਪੰਜਾਬੀ ਸਿਨੇਮਾ ਨੂੰ ਕੁਝ ਹੋਰ ਪ੍ਰਤਿਭਾਸ਼ਾਲੀ ਫਨਕਾਰ ਮਿਲੇ ਹਨ। ਮੈਂ ਉਪਰ ਨਿਰਦੇਸਕ ਦੀ ਚੁਣੌਤੀ ਬਾਰੇ ਲਿਖਿਆ ਹੈ, ਫਿਲਮ ਦੀ ਕਹਾਣੀ ਬਹੁਤੇ ਲੋਕਾਂ ਨੇ ਸੁਣੀ ਸੀ, ਨਿਰਦੇਸਕ ਸਾਹਵੇਂ ਚੁਣੌਤੀ ਸੀ, ਫਿਰ ਰੌਚਕਤਾ ਕਿਵੇਂ ਬਣੀ ਰਹੇ, ਇਸ ਲਈ ਜ਼ਰੂਰੀ ਸੀ ਚੁਸਤ ਸਕਰੀਨ ਪਲੇਅ, ਉਹ ਰੌਚਿਕ ਵੀ ਹੋਵੇ, ਪਰ ਕਹਾਣੀ ਦੇ ਮੂਲ ਨੂੰ ਵੀ ਪ੍ਰਭਾਵਤ ਨਾ ਕਰੇ ਤੇ ਉਹ ਸਫਲ ਰਹੇ। ਕਹਾਣੀ ਜਾਣਨ ਦੇ ਬਾਵਜੂਦ ਦਰਸ਼ਕਾਂ 'ਚ ਜਗਿਆਸਾ ਬਣੀ ਰਹਿੰਦੀ ਹੈ।

ਜਿਉਣਾ ਮੌੜ ਬੇਸ਼ੱਕ ਹੁਣ ਤੱਕ ਪੰਜਾਬੀ ਨਾਇਕ ਵਜੋਂ ਸਥਾਪਤ ਹੋ ਚੁੱਕਿਆ ਕਿਰਦਾਰ ਹੈ, ਇੱਕ ਸੱਚੀ ਅਤੇ ਵਿਲੱਖਣ ਕਹਾਣੀ। ਉਹ ਲੁਟੇਰਾ ਹੈ, ਪਰ ਮਾਨਵੀ ਕਦਰਾਂ-ਕੀਮਤਾਂ 'ਤੇ ਵੀ ਪਹਿਰਾ ਦਿੰਦਾ ਹੈ। ਬਦਲੇ ਅਤੇ ਅਣਖ ਲਈ ਖੂਨ

23-July-Sunday.qxd 7/22/2023 8:57 PM Page 2

ਵਿਚਾਰ-ਚਰਚਾ

ਜੀ ਡੀ ਪੀ ਦੇ ਭਰਮਜਾਲ 'ਚ ਉਲਝਿਆ ਬੰਦਾ

ਯਸ਼ ਪਾਲ

ਭਾਰਤ ਦੀ ਕੇਂਦਰ ਸਰਕਾਰ ਵੱਲੋਂ ਪਾਰਲੀਮੈਂਟ ਅੰਦਰ ਪੇਸ਼ ਕੀਤੇ ਜਾਂਦੇ ਹਰ ਸਾਲ ਦੇ ਬੱਜਟ ਅੰਦਰ, ਵਿੱਤ ਮੰਤਰੀ ਵੱਲੋਂ ਅਰਥਚਾਰੇ ਦੇ ਵੱਖ-ਵੱਖ ਖੇਤਰਾਂ ਅੰਦਰ ਅਨੁਮਾਨਿਤ ਆਮਦਨ-ਖਰਚ ਦੇ ਲੇਖੇ-ਜੋਖੇ ਦੇ ਅੰਕੜੇ ਜਾਰੀ ਕੀਤੇ ਜਾਂਦੇ ਹਨ। ਇਨ੍ਹਾਂ ਅੰਕੜਿਆਂ ਦੇ ਨਾਲ ਹੀ ਇੱਕ ਹੋਰ ਸ਼ਬਦ ਜੀ.ਡੀ.ਪੀ. (G.D.P.) ਭਾਵ 'ਕੁੱਲ ਘਰੇਲੂ ਪੈਦਾਵਾਰ' ਦੀ ਗੂੰਜ ਵੀ ਵਾਰ-ਵਾਰ ਬੜੇ ਉੱਭਰਵੇਂ ਰੂਪ 'ਚ ਸੁਣਾਈ ਦਿੰਦੀ ਹੈ। ਵਿੱਤ ਮੰਤਰੀ ਵੱਲੋਂ ਇਹ ਦੱਸਿਆ ਜਾਂਦਾ ਹੈ ਕਿ ਮੁਲਕ ਦੀ ਜੀ.ਡੀ.ਪੀ. ਵਾਧਾ ਦਰ ਪਿਛਲੇ ਸਾਲ ਕਿੰਨੀ ਰਹੀ ਅਤੇ ਅਗਲੇ ਸਾਲ ਕਿੰਨੀ ਰਹਿਣ ਦਾ ਅਨੁਮਾਨ ਹੈ। ਜਿਸ ਦਾ ਇਹ ਅਰਥ ਕੱਢ ਕੇ ਦੱਸਿਆ ਜਾਂਦਾ ਹੈ ਕਿ ਜੇ ਜੀ.ਡੀ.ਪੀ. ਦਰ ਵਧ ਰਹੀ ਹੈ ਤਾਂ ਮੁਲਕ ਤਰੱਕੀ/ਵਿਕਾਸ ਕਰ ਰਿਹਾ ਹੈ। ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਕੇਂਦਰੀ ਮੋਦੀ ਸਰਕਾਰ ਦੇ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਵੱਲੋਂ ਇੱਕ ਫਰਵਰੀ, 2018 ਨੂੰ ਪਾਰਲੀਮੈਂਟ 'ਚ ਪੇਸ਼ ਕੀਤੇ ਗਏ ਸਾਲ 2018-19 ਦੇ ਬਜਟ ਅੰਦਰ ਆਮਦਨ-ਖਰਚ ਪੇਸ਼ ਕੀਤੇ ਗਏ ਲੇਖੇ-ਜੋਖੇ ਤੋਂ ਬਿਨਾਂ, ਇਹ ਵੀ ਦੱਸਿਆ ਗਿਆ ਕਿ ਬੀਤੇ ਸਾਲ 2017 ਅੰਦਰ ਭਾਰਤ ਦੀ ਜੀ.ਡੀ.ਪੀ. ਵਾਧਾ ਦਰ 6.4 ਫੀਸਦੀ ਸੀ, ਜਿਸ ਦਾ ਸਾਲ 2018 'ਚ ਵਧ ਕੇ 7.2 ਫੀਸਦੀ ਹੋਣ ਦਾ ਅਨੁਮਾਨ ਹੈ ਅਤੇ ਇਹ ਵੀ ਦਾਅਵਾ ਕੀਤਾ ਗਿਆ ਕਿ ਸਰਕਾਰ ਵੱਲੋਂ ਤੇਜ਼ੀ ਨਾਲ ਚੁੱਕੇ ਜਾ ਰਹੇ 'ਆਰਥਿਕ ਸੁਧਾਰਾਂ' ਦੇ ਕਦਮਾਂ ਨਾਲ (ਭਾਵ ਜੀ.ਐੱਸ.ਟੀ. ਸਿੱਧਾ ਵਿਦੇਸ਼ੀ ਪੂੰਜੀ ਨਿਵੇਸ਼ (649) 'ਚ ਵਾਧਾ ਤੇ ਵਿਦੇਸ਼ੀ ਵਪਾਰ-ਕਾਰੋਬਾਰ ਲਈ ਸੌਖ (Ease of Business) ਦੇ ਅਜਿਹੇ ਹੋਰ ਕਦਮਾਂ ਨਾਲ) ਇਹ ਜੀ.ਡੀ.ਪੀ ਵਾਧਾ ਦਰ 8 ਫੀਸਦੀ ਤੱਕ ਵੀ ਪਹੁੰਚ ਸਕਦੀ ਹੈ। ਸ੍ਰੀ ਜੇਤਲੀ ਨੇ ਪਿਛਲੇ ਸਾਲ ਦੇ ਆਪਣੇ ਬੱਜਟ ਅੰਦਰ ਇਹ ਜੀ.ਡੀ.ਪੀ. ਵਾਧਾ ਦਰ ਦੋ ਅੰਕਾਂ ਤੱਕ ਵਧਾਉਣ ਦਾ ਦਾਅਵਾ ਕੀਤਾ ਸੀ, ਪਰੰਤੂ ਮੁਲਕ ਦੇ ਸਮੁੱਚੇ ਅਰਥਚਾਰੇ ਨੂੰ ਨੋਟਬੰਦੀ ਤੇ ਜੀ.ਐਸ.ਟੀ. ਦੇ ਕਦਮ ਨਾਲ ਲੱਗੇ ਵੱਡੇ ਝਟਕੇ ਕਾਰਨ ਇਹ ਦਾਅਵਾ ਹੇਠਾਂ ਨੂੰ ਖਿਸਕਾਉਣਾ ਪਿਆ ਹੈ।

ਜੀ.ਡੀ.ਪੀ. ਖ਼ਬਤ-ਵਿਸ਼ਵੀ ਵਰਤਾਰਾ

ਜੀ.ਡੀ.ਪੀ. ਵਾਧੇ ਦੇ ਇਹ ਅਨੁਮਾਨਿਤ ਅੰਕੜੇ ਵਿਸ਼ਵ ਪੱਧਰ 'ਤੇ ਸਾਰੇ ਮੁਲਕਾਂ ਬਾਰੇ ਸੰਸਾਰ ਬੈਂਕ ਵੱਲੋਂ ਵੀ ਜਾਰੀ ਕੀਤੇ ਜਾਂਦੇ ਹਨ। ਸੰਸਾਰ ਬੈਂਕ ਵੱਲੋਂ ਵੀ ਸਾਲ 2017 ਦੀ ਜਾਰੀ ਕੀਤੀ ਗਈ ਰਿਪੋਰਟ ਅੰਦਰ ਸਾਲ 2018 'ਚ ਭਾਰਤ ਦੀ ਜੀ.ਡੀ.ਪੀ. ਵਾਧਾ ਦਰ 7.3 ਫੀਸਦੀ ਅੰਕੀ ਗਈ ਹੈ। ਇਸ ਦੇ ਨਾਲ ਹੀ ਭਾਰਤ ਨੂੰ ਸੰਸਾਰ ਭਰ ਵਿੱਚੋਂ 2018 'ਚ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਕਰ ਰਹੇ ਅਰਥਚਾਰੇ ਵਜੋਂ ਪੇਸ਼ ਕੀਤਾ ਗਿਆ ਹੈ। ਇਹ ਵੀ ਕਿ ਇਸ ਪੱਖੋਂ ਭਾਰਤ ਚੀਨ ਨਾਲੋਂ ਵੀ ਅੱਗੇ ਨਿਕਲ ਜਾਵੇਗਾ, ਜਿਸ ਦੀ 2018 'ਚ ਅਨੁਮਾਨਿਤ ਔਸਤ ਜੀ.ਡੀ.ਪੀ. ਵਾਧਾ ਦਰ 6.4 ਫੀਸਦੀ ਦੱਸੀ ਗਈ ਹੈ। ਯੂਰਪੀਨ ਮੁਲਕਾਂ ਦੀ ਔਸਤ ਵਾਧਾ ਦਰ 2.1 ਫੀਸਦੀ ਅਤੇ ਅਮਰੀਕਾ ਦੀ 2.5 ਫੀਸਦੀ ਦਾ ਅਨੁਮਾਨ ਹੈ। ਅਮਰੀਕੀ ਸਾਮਰਾਜ ਵੱਲੋਂ ਇਸੇ ਜੀ.ਡੀ.ਪੀ. ਵਾਧਾ ਦਰ ਦੇ ਆਧਾਰ 'ਤੇ ਹੀ ਭਾਰਤ ਨੂੰ ਸੰਸਾਰ ਭਰ 'ਚੋਂ ਸਭ ਤੋਂ ਵੱਡੇ ਉਭਰ ਰਹੇ ਅਰਥਚਾਰੇ ਵਾਲੀ ਇੱਕ ਵੱਡੀ ਸ਼ਕਤੀ ਦਾ ਦਰਜਾ ਦੇ ਕੇ ਵਡਿਆਇਆ ਜਾ ਰਿਹਾ ਹੈ।

ਨਾ ਸਿਰਫ ਭਾਰਤ ਅੰਦਰ ਹੀ, ਸਗੋਂ ਦੁਨੀਆ ਦੇ ਸਭਨਾਂ ਮੁਲਕਾਂ ਅੰਦਰ ਮੁਲਕ ਦੀ ਤਰੱਕੀ/ਵਿਕਾਸ ਨੂੰ ਇਸੇ ਜੀ.ਡੀ.ਪੀ. ਦੇ ਪੈਮਾਨੇ ਨਾਲ ਹੀ ਮਾਪਿਆ ਜਾ ਰਿਹਾ ਹੈ। ਵਿਕਾਸ ਦਾ ਇਹ ਮਾਪਦੰਡ ਸੰਸਾਰ ਬੈਂਕ ਵੱਲੋਂ ਹੀ ਤਹਿ ਕੀਤਾ ਗਿਆ ਹੈ। ਉਦੋਂ ਤੋਂ, ਜਦ ਤੋਂ ਸਾਮਰਾਜੀ ਵਿੱਤੀ ਸੰਸਥਾਵਾਂ-ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼, ਵਿਸ਼ਵ ਵਪਾਰ ਸੰਸਥਾ (➡"®) ਦੀ ਤਿੱਕੜੀ ਵੱਲੋਂ ਵੱਖ-ਵੱਖ ਵਿਕਾਸਸ਼ੀਲ ਮੁਲਕਾਂ ਅੰਦਰ ਵਿਸ਼ਵੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀ ਨੀਤੀ ਤਹਿਤ, 'ਖੁੱਲ੍ਹੀ ਮੰਡੀ-ਖੁੱਲ੍ਹਾ ਵਪਾਰ' ਦੀ ਦਿਸ਼ਾ 'ਚ 'ਆਰਥਿਕ ਸੁਧਾਰਾਂ' ਨੂੰ ਲਾਗੂ ਕਰਵਾਉਣ ਦਾ ਅਮਲ ਸ਼ੁਰੂ ਕੀਤਾ ਗਿਆ। ਭਾਰਤ ਅੰਦਰ ਵੀ ਤਰੱਕੀ/ਵਿਕਾਸ ਮਾਪਣ ਲਈ ਇਹ ਜੀ.ਡੀ.ਪੀ. ਵਾਧਾ ਦਰ ਦੇ ਮਾਪਦੰਡ ਦੀ ਧਾਰਨਾ, 1990-91 ਤੋਂ ਲਾਗੂ ਕੀਤੇ ਗਏ 'ਆਰਥਿਕ ਸੁਧਾਰਾਂ' ਤੇ 'ਢਾਂਚਾਗਤ ਤਬਦੀਲੀ ਪ੍ਰੋਗਰਾਮ' ਦੇ ਦੌਰ ਨਾਲ ਹੀ ਸ਼ੁਰੂ ਹੋਈ।

ਜੀ.ਡੀ.ਪੀ. — ਵਿਕਾਸ ਦਾ ਇੱਕ ਅਧੂਰਾ ਤੇ ਭਰਮਾਊ ਮਾਪਦੰਡ

ਭਾਵੇਂ ਸਰਕਾਰਾਂ ਵੱਲੋਂ ਜੀ.ਡੀ.ਪੀ. ਵਾਧੇ ਦੇ ਜੋ ਅੰਕੜੇ ਪੇਸ਼ ਕੀਤੇ ਜਾਂਦੇ ਹਨ, ਜ਼ਰੂਰੀ ਨਹੀਂ ਕਿ ਉਹ ਅੰਕੜੇ ਵੀ ਸਹੀ ਹੋਣ, ਸਰਕਾਰਾਂ ਆਪਣੀ ਸਿਆਸੀ ਲੋੜ ਅਨੁਸਾਰ ਅੰਕੜੇ ਵਧਾ-ਚੜ੍ਹਾ ਕੇ ਪੇਸ਼ ਕਰਦੀਆਂ ਹਨ, ਪਰੰਤੂ ਜੇ ਉਹ ਅੰਕੜੇ ਸਹੀ ਵੀ ਹੋਣ, ਫਿਰ ਵੀ ਇਹ ਸਮਝਣ ਦੀ ਲੋੜ ਹੈ ਕਿ ਇਹ ਜੀ.ਡੀ.ਪੀ. ਵਾਧਾ ਅਸਲ 'ਚ ਹੈ ਕੀ? ਮੁਲਕ ਦੀ ਤਰੱਕੀ ਜਾਂ ਵਿਕਾਸ ਕਿਸ ਨੂੰ ਸਮਝਿਆ ਜਾਵੇ? ਜੀ.ਡੀ.ਪੀ. ਦਾ ਮੁਲਕ ਦੀ ਤਰੱਕੀ/ਵਿਕਾਸ ਨਾਲ ਕੀ ਤੇ ਕਿੰਨਾ ਕੁ ਸੰਬੰਧ ਹੈ? ਇਨ੍ਹਾਂ ਸਾਰੇ ਪਹਿਲੂਆਂ 'ਤੇ ਚਰਚਾ ਕੀਤੀ ਜਾਵੇਗੀ, ਪਰੰਤੂ ਇਹ ਹਕੀਕਤ ਹੈ ਕਿ ਵਿਸ਼ੇਸ਼ ਤੌਰ 'ਤੇ ਉੱਚ ਵਰਗ ਦੇ ਲੋਕਾਂ ਅੰਦਰ ਤੇ ਪੜ੍ਹੇ-ਲਿਖੇ ਨੌਕਰੀ/ਰੁਜ਼ਗਾਰ ਦੀ ਆਸ 'ਚ ਕਤਾਰ 'ਚ ਲੱਗੇ ਮੱਧ ਵਰਗੀ ਨੌਜਵਾਨਾਂ ਅਤੇ ਕਾਲਜਾਂ 'ਚ ਪੜ੍ਹੇ ਰਹੇ ਵਿਦਿਆਰਥੀਆਂ ਦੇ ਮਨਾਂ ਅੰਦਰ ਇਹ ਭਰਮਾਊ ਧਾਰਨਾ ਆਮ ਹੀ ਪਾਈ ਜਾਂਦੀ ਹੈ ਕਿ ਜੇ ਮੁਲਕ ਦੀ ਜੀ.ਡੀ.ਪੀ. ਵਧ ਰਹੀ ਹੈ ਤਾਂ ਜ਼ਰੂਰ ਹੀ ਮੁਲਕ ਤਰੱਕੀ ਕਰ ਰਿਹਾ ਹੈ, ਵਿਕਾਸ ਦੇ ਰਾਹ 'ਤੇ ਪਿਆ ਹੋਇਆ ਹੈ ਤੇ ਇਸ ਵਿਕਾਸ ਨਾਲ ਉਨ੍ਹਾਂ ਨੂੰ ਵੀ ਜ਼ਰੂਰ ਹੀ ਰੁਜ਼ਗਾਰ/ਨੌਕਰੀ ਤੇ ਹੋਰ ਲੋੜੀਂਦੀਆਂ ਸੁੱਖ-ਸਹੂਲਤਾਂ ਹਾਸਲ ਕਰਨ ਦੇ ਮੌਕੇ ਮਿਲਣਗੇ। ਜੀ.ਡੀ.ਪੀ. ਵਾਧੇ ਦੀਆਂ ਖ਼ਬਰਾਂ ਦੇ ਨਾਲ-ਨਾਲ ਜਦ ਇਹ ਵਰਗ ਸਾਡੇ ਮੌਜੂਦਾ ਪ੍ਰਧਾਨ ਮੰਤਰੀ ਨੂੰ ਵਿਦੇਸ਼ੀ ਦੌਰਿਆਂ ਦੌਰਾਨ ਅਤੇ ਵਿਦੇਸ਼ਾਂ ਤੋਂ ਭਾਰਤ ਅੰਦਰ ਆਏ ਹੋਰਨਾਂ ਮੁਖੀਆਂ-ਪ੍ਰਾਹੁਣਿਆਂ ਨਾਲ ਘੁੱਟ ਕੇ ਜੱਫੀਆਂ ਪਾਉਂਦੇ ਨੂੰ ਅਤੇ ਉਨ੍ਹਾਂ ਨਾਲ ਵੱਖ-ਵੱਖ ਕੌਮਾਂਤਰੀ ਸੰਗਠਨਾਂ ਦੀਆਂ ਮੀਟਿੰਗਾਂ ਅੰਦਰ ਵਿਚਕਾਰ ਖੜ੍ਹੇ ਹੋ ਕੇ ਫੋਟੋਆਂ ਤੇ ਸੈਲਫੀਆਂ ਖਿਚਵਾਉਂਦੇ ਨੂੰ ਦੇਖਦੇ ਹਨ ਤਾਂ ਉਨ੍ਹਾਂ ਨੂੰ ਜ਼ਰੂਰ ਹੀ ਇਹ ਭਾਸ਼ਣ ਲੱਗਦਾ ਹੈ ਕਿ ਸੱਚੀਓਂ ਹੀ ਸਾਡਾ ਮੁਲਕ ਤਰੱਕੀ ਕਰ ਰਿਹਾ ਹੈ, ਵਿਕਾਸ ਦੀਆਂ ਉਲਾਂਘਾਂ ਭਰ ਰਿਹਾ ਹੈ। ਸੰਸਾਰ ਦੇ ਅਮਰੀਕਾ ਤੇ ਹੋਰ ਵੱਡੇ ਵਿਕਸਤ ਮੁਲਕਾਂ ਨਾਲ ਮੇਜ਼ 'ਤੇ ਬੈਠਣ ਵਾਲੀ ਇੱਕ ਵੱਡ-ਸ਼ਕਤੀ ਬਣ ਗਿਆ ਹੈ ਤੇ ਸਾਡਾ ਪ੍ਰਧਾਨ ਮੰਤਰੀ ਮੋਦੀ ਵੀ ਹੁਣ 'ਸੰਸਾਰ ਲੀਡਰ' ਬਣ ਗਿਆ ਹੈ।

ਇਸ ਸੰਦਰਭ 'ਚ ਦੇਖਦਿਆਂ ਉਨ੍ਹਾਂ ਨੂੰ ਮੋਦੀ ਦੇ 'ਮੇਕ ਇਨ ਇੰਡੀਆ, ਸਕਿੱਲ ਇੰਡੀਆ, ਸਟਾਰਟਅੱਪ ਇੰਡੀਆ, ਸਟੈਂਡਅਪ ਇੰਡੀਆ, ਡਿਜ਼ੀਟਲ ਇੰਡੀਆ, ਨਿਊ ਇੰਡੀਆ ਤੇ 'ਸਭ ਕਾ ਵਿਕਾਸ' ਵਰਗੇ ਜ਼ੁਮਲਿਆਂ ਵਾਲੇ ਲੁਭਾਵਣੇ-ਲੱਛੇਦਾਰ ਭਾਸ਼ਣ ਭਾਰਤ ਦੇ ਵਿਕਾਸ ਦੇ ਪ੍ਰਤੀਕ ਜਾਪਦੇ ਹਨ।

ਪਰ ਹਕੀਕਤ ਕੀ ਹੈ? ਆਓ, ਇਸ ਨੂੰ ਸਮਝਣ ਦਾ ਯਤਨ ਕਰੀਏ। ਸਭ ਤੋਂ ਪਹਿਲਾਂ ਜੀ.ਡੀ.ਪੀ. ਦੇ ਅਸਲ ਮਾਇਨੇ ਕੀ ਹਨ? ਜੀ.ਡੀ.ਪੀ. ਬੁਨਿਆਦੀ ਤੌਰ 'ਤੇ ਕਿਸੇ ਮੁਲਕ ਦੀ ਸਮੁੱਚੀ ਕੁਲ ਪੈਦਾਵਾਰ ਦਾ ਮਾਪ ਹੈ। ਭਾਵ, ਮੁਲਕ ਦੀਆਂ ਹੱਦਾਂ ਅੰਦਰ ਪੈਦਾ ਕੀਤੀਆਂ ਜਾ ਰਹੀਆਂ ਕੁੱਲ ਵਸਤਾਂ ਤੇ ਸੇਵਾਵਾਂ ਦਾ ਕੁੱਲ ਬਾਜ਼ਾਰੀ ਮੁੱਲ ਹੈ। ਇਸ ਜੀ.ਡੀ.ਪੀ. ਵਿੱਚ ਮੁਲਕ ਅੰਦਰ ਹਥਿਆਰਾਂ ਦਾ ਨਿਰਮਾਣ, ਸਿਗਰਟ-ਸ਼ਰਾਬ ਦੀ ਇਸ਼ਤਿਹਾਰਬਾਜ਼ੀ ਦਾ ਖਰਚਾ ਵੀ ਆਰਥਿਕ ਵਾਧੇ 'ਚ ਗਿਣਿਆ ਜਾਂਦਾ ਹੈ, ਜਦਕਿ ਘਰੇਲੂ ਸਾਂਭ-ਸੰਭਾਲ, ਬੱਚਿਆਂ ਦੀ ਸੰਭਾਲ, ਸਵੈ ਇੱਛਾ ਨਾਲ ਕੀਤਾ ਕੰਮ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ। ਵਾਤਾਵਰਣ, ਘਰੇਲੂ ਕੰਮ-ਕਾਰ ਨੂੰ ਜੀ.ਡੀ.ਪੀ. ਦਾ ਹਿੱਸਾ ਨਹੀਂ ਗਿਣਿਆ ਜਾਂਦਾ। ਸਿਹਤ-ਸੰਭਾਲ ਦਾ ਆਰਥਿਕ ਮੁੱਲ, ਜੀ.ਡੀ.ਪੀ. ਵਿੱਚ ਗਿਣਿਆ ਜਾਂਦਾ ਹੈ, ਜਿਹੜਾ ਕਿ ਵਿਕਾਸ ਦਾ ਨਾਂਹ-ਪੱਖੀ ਸੂਚਕ ਪਹਿਲੂ ਹੈ, ਕਿਉਂਕਿ ਇਹ ਉਸ ਸੂਰਤ 'ਚ ਹੀ ਵਧੇਗਾ, ਜਦ ਵਧੇਰੇ ਲੋਕ ਬਿਮਾਰ ਹੋਣਗੇ ਅਤੇ ਮਹਿੰਗਾ ਇਲਾਜ ਕਰਵਾਉਣਗੇ, ਪਰ ਇਹ ਤਾਂ ਮੁਲਕ ਦੀ ਨਿਘਰਦੀ ਹਾਲਤ ਦੀ ਨਿਸ਼ਾਨੀ ਹੈ ਤੇ ਸਗੋਂ ਫਿਕਰਮੰਦੀ ਵਾਲਾ ਮੁੱਦਾ ਹੈ।

ਇਸ ਤੋਂ ਬਿਨਾਂ ਕਿਸੇ ਮੁਲਕ ਦੀ ਜੀ.ਡੀ.ਪੀ. ਮੌਜੂਦਾ ਕੁਦਰਤੀ ਸਰੋਤਾਂ ਦੀ ਲੋੜੋਂ ਵੱਧ ਵਰਤੋਂ ਕਰਕੇ ਜਾਂ ਦੁਰਵਰਤੋਂ ਕਰਕੇ, ਆਰਜ਼ੀ ਤੌਰ 'ਤੇ ਵਧ ਸਕਦੀ ਹੈ। ਸ਼ੇਅਰ ਬਾਜ਼ਾਰ (ਸੈਂਸੈਕਸ ਅੰਕੜਾ) ਉਪਰ ਚੜ੍ਹਨ ਨਾਲ ਆਰਥਿਕਤਾ ਫੁੱਲੀ ਹੋਈ ਨਜ਼ਰ ਆ ਸਕਦੀ ਹੈ। ਨਿੱਜੀ ਬੱਚਤਾਂ 'ਚ ਕਟੌਤੀ ਕਰਕੇ ਵਧੇਰੇ ਖਪਤਕਾਰੀ ਰਾਹੀਂ ਚਮਕ ਰਹੀ ਜਾਪ ਸਕਦੀ ਹੈ, ਪਰ ਇਹ ਭਵਿੱਖੀ ਵਿਕਾਸ ਨੂੰ ਦਾਅ 'ਤੇ ਲਾ ਕੇ ਹੀ ਹੋ ਰਹੀ ਹੋਵੇਗੀ।

ਸੰਸਾਰ-ਬੈਂਕ-ਮੁਦਰਾ ਕੋਸ਼ ਵੱਲੋਂ ਨਿਰਦੇਸ਼ਤ 'ਆਰਥਿਕ-ਸੁਧਾਰਾਂ' ਦੀ ਮੁੱਖ ਕੜੀ ਹੈ ਮੁਲਕ ਅੰਦਰ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ 'ਚ ਵਾਧਾ। ਤੇ ਇਸ ਐੱਫ.ਡੀ.ਆਈ. ਨੂੰ ਜੀ.ਡੀ.ਪੀ. ਵਾਧੇ ਤੇ ਮੁਲਕ ਦੇ ਵਿਕਾਸ ਲਈ ਜ਼ਰੂਰੀ ਸਮਝਿਆ ਜਾਂਦਾ ਹੈ। ਇਸ ਐੱਫ.ਡੀ.ਆਈ. ਨੂੰ ਖਿੱਚ ਪਾਉਣ ਤੇ ਵਧਾਉਣ ਲਈ ਮੁਲਕ ਅੰਦਰ ਵਪਾਰ-ਕਾਰੋਬਾਰ ਦੀ ਸੌਖ ਲਈ ਰਾਹ ਕੱਢੇ ਜਾਂਦੇ ਹਨ। ਕਾਰਪੋਰੇਟ ਘਰਾਣਿਆਂ ਦੀ ਪੂੰਜੀ ਤੇ ਮੁਨਾਫਿਆਂ ਦੀ ਗਾਰੰਟੀ ਤੇ ਸੁਰੱਖਿਆ ਕਰਨ ਵਾਲੇ ਕਾਇਦੇ-ਕਾਨੂੰਨ ਘੜੇ ਜਾਂਦੇ ਹਨ। ਉਨ੍ਹਾਂ ਨੂੰ ਬਜਟ 'ਚ ਭਾਰੀ ਰਿਆਇਤਾਂ ਤੇ ਛੋਟਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਵੱਲੋਂ ਸਰਕਾਰੀ ਬੈਂਕਾਂ 'ਤੇ ਲਏ ਗਏ ਅਰਬਾਂ-ਖਰਬਾਂ ਰੁਪਏ ਦੇ ਕਰਜ਼ਿਆਂ ਨੂੰ ਐੱਨ.ਪੀ.ਏ. ਕਰਾਰ ਦੇ ਕੇ ਵੱਟੇ-ਖਾਤੇ 'ਚ ਪਾ ਕੇ ਮੁਆਫ਼ ਕੀਤਾ ਜਾਂਦਾ ਹੈ। ਸੰਸਾਰ ਬੈਂਕ (ਭਾਵ ਕਾਰਪੋਰੇਟ ਸੈਕਟਰ) ਦੀਆਂ ਸ਼ਰਤਾਂ ਤੇ ਲੋੜਾਂ ਮੁਤਾਬਕ ਮੁਲਕ ਦੇ ਵਿੱਤੀ ਘਾਟੇ ਨੂੰ ਇੱਕ ਮਿੱਥੀ ਹੱਦ ਅੰਦਰ ਰੱਖਣ ਦੀ ਕਵਾਇਦ ਕੀਤੀ ਜਾਂਦੀ ਹੈ। ਤੇ ਇਸ ਦੀ ਪੂਰਤੀ ਲਈ ਬਜਟ ਅੰਦਰ ਲੋਕ ਭਲਾਈ ਨਾਲ ਜੁੜੇ ਖੇਤਰਾਂ-ਸਿੱਖਿਆ, ਸਿਹਤ, ਬਿਜਲੀ, ਪਾਣੀ, ਰੇਲਵੇ-ਟਰਾਂਸਪੋਰਟ ਆਦਿ ਉਪਰ ਕੀਤੇ ਜਾਣ ਵਾਲੇ ਖਰਚਿਆਂ 'ਚ ਕਟੌਤੀ ਕੀਤੀ ਜਾਂਦੀ ਹੈ। ਇਨ੍ਹਾਂ ਖੇਤਰਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥ ਸੌਂਪਣ ਦੀਆਂ ਯੋਜਨਾਵਾਂ ਘੜੀਆਂ ਜਾਂਦੀਆਂ ਹਨ। ਮਜ਼ਦੂਰਾਂ-ਮੁਲਾਜ਼ਮਾਂ ਦੀਆਂ ਤਨਖਾਹਾਂ, ਭੱਤਿਆਂ ਤੇ ਪੈਨਸ਼ਨਾਂ ਉਪਰ ਕੀਤੇ ਜਾਣ ਵਾਲੇ ਖਰਚਿਆਂ ਨੂੰ ਘਟਾਉਣ ਲਈ ਪੁਨਰਗਠਨ ਦੇ ਨਾਂਅ 'ਤੇ ਆਸਾਮੀਆਂ ਦੀ ਗਿਣਤੀ ਘਟਾਈ ਜਾਂਦੀ ਹੈ, ਰੈਗੂਲਰ ਭਰਤੀ ਬੰਦ ਕਰਕੇ ਨਿਗੂਣੀਆਂ ਤਨਖਾਹਾਂ ਉਪਰ ਠੇਕਾ-ਭਰਤੀ ਕੀਤੀ ਜਾਂਦੀ ਹੈ ਜਾਂ ਆਊਟਸੋਰਸਿੰਗ ਕੀਤੀ ਜਾਂਦੀ ਹੈ। ਸੇਵਾ-ਮੁਕਤੀ ਤੋਂ ਬਾਅਦ ਸਮਾਜਿਕ ਸੁਰੱਖਿਆ ਵਜੋਂ ਮਿਲਣ ਵਾਲੀ ਪੈਨਸ਼ਨ ਤੇ ਹੋਰ ਸਹੂਲਤਾਂ ਬੰਦ ਕੀਤੀਆਂ ਜਾਂਦੀਆਂ ਹਨ, ਜਿਸ ਨਾਲ ਲੋਕਾਂ ਦਾ ਜੀਵਨ ਪੱਧਰ ਹੇਠਾਂ ਡਿਗਦਾ ਹੈ। ਤੇ 'ਵਪਾਰ-ਕਾਰੋਬਾਰ ਦੀ ਸੌਖ' ਦੇ ਆਧਾਰ 'ਤੇ ਹੀ ਸੰਸਾਰ ਬੈਂਕ-ਮੁਦਰਾ ਦੋਸ਼ ਅਧੀਨ ਕੰਮ ਕਰਨ ਵਾਲੀਆਂ 'ਮੂਡੀ' ਵਰਗੀਆਂ ਰੇਟਿੰਗ ਏਜੰਸੀਆਂ ਵੱਲੋਂ ਮੁਲਕਾਂ ਦੀ ਰੈਂਕਿੰਗ ਕਰਕੇ 'ਵਿਕਾਸ' ਦਾ ਆਪਣਾ ਠੱਪਾ ਲਾਇਆ ਜਾਂਦਾ ਹੈ।

ਇਸ ਲਈ ਜੀ.ਡੀ.ਪੀ. ਨਾ ਤਾਂ ਮੁਲਕਾਂ ਦੇ ਲੋਕਾਂ ਦੇ ਮਿਆਰੀ ਜੀਵਨ ਪੱਧਰ ਦਾ ਮਾਪ ਹੈ ਤੇ ਨਾ ਹੀ ਇਹ ਮੁਲਕ ਦੇ ਟਿਕਾਊ (sustainable) ਵਿਕਾਸ/ਤਰੱਕੀ ਦਾ ਸਾਧਨ ਹੈ, ਪਰੰਤੂ ਦੁਨੀਆ ਭਰ ਦੀਆਂ ਸਾਰੀਆਂ ਸਰਕਾਰਾਂ ਵੱਲੋਂ, ਵਿਸ਼ੇਸ਼ ਕਰਕੇ 'ਖੁੱਲ੍ਹੀ ਮੰਡੀ' ਅਰਥਚਾਰੇ ਨਾਲ ਜੁੜੀਆਂ ਸਰਕਾਰਾਂ ਵੱਲੋਂ, ਅਰਥਚਾਰੇ ਦੀ ਖੁਸ਼ਹਾਲੀ ਤੇ ਤੰਦਰੁਸਤੀ ਦੇ ਮਾਪ ਲਈ, ਜੀ.ਡੀ.ਪੀ. 'ਤੇ ਹੀ ਕਿਉਂ ਟੇਕ ਰੱਖੀ ਜਾਂਦੀ ਹੈ? ਇਸ ਦਾ ਵੀ ਕਾਰਨ ਹੈ। ਵਿਕਸਤ ਪੱਛਮੀ ਮੁਲਕਾਂ ਅੰਦਰ, ਕਾਰਪੋਰੇਟ ਸੈਕਟਰ ਸਰਕਾਰਾਂ ਦੀਆਂ ਨੀਤੀਆਂ ਤਹਿ ਕਰਨ-ਘੜਨ 'ਚ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਕਾਰਪੋਰੇਟ ਸੈਕਟਰ ਦਾ ਮੁੱਖ ਮਕਸਦ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੁੰਦਾ ਹੈ, ਜੋ ਕਿ ਪੈਦਾਵਾਰ ਨੂੰ ਵੱਧ ਤੋਂ ਵੱਧ ਕਰਕੇ ਅਤੇ ਵਸਤਾਂ ਤੇ ਸੇਵਾਵਾਂ ਨੂੰ ਵੇਚ ਕੇ ਕਮਾਇਆ ਜਾ ਸਕਦਾ ਹੈ। ਜਦ ਤੱਕ ਪੈਦਾਵਾਰ ਤੇ ਵੇਚ-ਵੱਟ ਵਧਦੀ ਜਾਵੇਗੀ, ਜੀ.ਡੀ.ਪੀ. ਵੀ ਵਧਦੀ ਰਹੇਗੀ ਤੇ ਕਾਰਪੋਰੇਟ ਵਣਜ-ਵਪਾਰ ਦੀ ਬੱਲੇ-ਬੱਲੇ ਬਣੀ ਰਹੇਗੀ।

ਸਾਡਾ ਮੁਲਕ ਭਾਰਤ ਵੀ ਭਾਵੇਂ ਅਜੇ ਵਿਕਸਤ ਮੁਲਕਾਂ ਦੀ ਕਤਾਰ 'ਚ ਖੜ੍ਹਾ ਹੋਣ ਜੋਗਾ ਨਹੀਂ ਹੋਇਆ, ਪਰ ਕੇਂਦਰ ਦੀਆਂ ਸਭਨਾਂ ਵੰਨਗੀਆਂ ਦੀਆਂ ਸਰਕਾਰਾਂ ਵੱਲੋਂ ਬੜੀ ਤੇਜ਼ੀ ਨਾਲ ਸੰਸਾਰ ਬੈਂਕ-ਮੁਦਰਾ ਕੋਸ਼ ਵੱ